# ਸਮਤਾ

ਜਨਵਰੀ 1983 (ਅੰਕ 32)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਜਨਵਰੀ 1983
ਮੁੱਲ—ਦੋ ਰੁਪਿਆ
32



ਤੁਰਦਾ ਕਾਫਲਾ ੦ ਪ੍ਰੀਏਲੀਨ

## ਇਸ ਅੰਕ ਵਿਚ :

**ਕਹਾਣੀਆਂ**—ਸਾਰੋ-ਛੈ/ਲਾਲ ਸਿੰਘ, ਨਿਉਡ/ਜਿੰਦਰ, ਗੋਤਾ ਖੋਰ/ਸੁਰਜੀਤ ਦੀਂਡਸ ੦ **ਕਵਿਤਾਵਾਂ**—ਸੁਰਜੀਤ ਬਰਾੜ, ਨਵਕਿਰਨ, ਹਰਜੀਤ ਦੌਧਰੀਆ, ਜਸਵਿੰਦਰ, ਅਜਮੇਰ ਸਿੰਘ, ਹਰਚਰਨ ਬਾਸੀ ੦ **ਇਤਿਹਾਸਕ ਦਸਤਾਵੇਜ਼**—ਇਕ ਚਿੱਠੀ ਪ੍ਰੋਲੇਤਾਰੀ ਮਾਪਿਆਂ ਦੇ ਨਾਂ / ਸੇਲੇਸਤੈਂ ਫਰੇਨੇ ੦ **ਅਲਵਿਦਾ** : ਪ੍ਰੋ. ਦੀਦਾਰ ਸਿੰਘ/ਗੁਰਭਜਨ ਗਿੱਲ **ਪਾਠਕ ਲੇਖਕ ਫੋਰਮ**—ਬ੍ਰਾਹਮਣਵਾਦ ਅਤੇ ਗਾਂਧੀਵਾਦ, ਫ਼ੌਜੀ ਜਵਾਨਾਂ ਬਾਰੇ, ਅਨੰਦਪੁਰ ਮਤੇ ਬਾਰੇ, ਖਾਲਿਸਤਾਨ ਅਤੇ ਸਿੱਖ ਕੌਮ ੦ ਪੰਜਾਬ ਤੇ ਆਸਾਮ ਦੀ ਗੱਲਬਾਤ ਕਦੋਂ ਤਕ/ਪ੍ਰੋ. **ਭਾਰਦਵਾਜ** ਅਤੇ ਹੋਰ ਸੰਪਾਦਕੀ ਟਿਪਣੀਆਂ

ਸੰਪਾਦਕੀ

# ਜ਼ਿੰਮੇਵਾਰ ਕੌਣ ?

ਖੇਡ ਦੇ ਮੈਦਾਨ ਵਿਚ ਕਈ ਐਸੇ ਖਿਡਾਰੀ ਹੁੰਦੇ ਹਨ, ਜਿਹੜੇ ਸਿਰਫ ਜਿੱਤ ਦੀ ਖੇਡ ਹੀ ਖੇਡ ਸਕਦੇ ਹਨ। ਜੇ ਜ਼ਰਾ ਵੀ ਹਾਰਨ ਲਗਨ ਤਾਂ ਫ਼ੇਰ ਹੋਸ਼ ਹਵਾਸ ਗਵਾ ਬੈਠਦੇ ਹਨ ਤੇ ਹੋਛੀਆਂ ਹਰਕਤਾਂ ਤੇ ਆ ਜਾਂਦੇ ਹਨ। ਵਿਰੋਧੀ ਖਿਡਾਰੀਆਂ ਦੇ ਗਿੱਟੇ ਭੰਨਣੇ ਹੀ ਉਹਨਾਂ ਦਾ ਨਿਸ਼ਾਨਾ ਹੁੰਦਾ ਹੈ। ਬਾਹਰੋਂ ਵੇਖਣ ਵਾਲੇ ਲੋਕ ਇਹੋ ਜਿਹੇ ਖਿਡਾਰੀ ਉਤੇ ਆਵਾਜ਼ੇ ਕੱਸਦੇ ਹਨ 'ਰੋਂਦੂ ਹੀ ਉਏ, ਰੋਂਦੂ ਹੀ ਉਏ'। ਇਹੋ ਜਹੀ ਖਿਡਾਰੀ ਸਾਡੀ ਪ੍ਰਧਾਨ ਮੰਤਰੀ ਇੰਦਰਾ ਬੀਬੀ ਹੈ। ਦੇਸ਼ ਵਿਚ ਚੋਣਾਂ ਦੀ ਖੇਡ ਪਿਛਲੇ 35 ਸਾਲਾਂ ਤੋਂ ਖੇਡੀ ਜਾ ਰਹੀ ਹੈ। ਇੰਦਰਾ ਦੀ ਆਪਣੀ ਪਾਰਟੀ ਇਸ ਖੇਡ ਵਿਚ ਹਰ ਹੁਰਬਾ ਵਰਤਕੇ ਬਹੁਤੀ ਵਾਰੀ ਜੇਤੂ ਹੀ ਰਹੀ ਹੈ, ਪਰ ਇਕ ਥਾਂ ਤ੍ਰਿਪੁਰਾ ਦਾ ਸੂਬਾ ਹੈ, ਜਿਥੇ ਉਹਦੀ ਪਾਰਟੀ ਨੂੰ ਕਈ ਵਾਰ ਹਾਰ ਦਾ ਮੂੰਹ ਵੇਖਣਾ ਪਿਆ ਹੈ। ਹੁਣ ਉਥੇ ਅਲੈਕਸ਼ਨ 5 ਜਨਵਰੀ ਨੂੰ ਹੈ। ਉਥੇ ਅਲੈਕਸ਼ਨ ਦੌਰੇ ਤੇ ਗਈ ਬੀਬੀ ਨੇ ਇਤਨੀਆਂ ਬੇਥੱਵੀਆਂ ਮਾਰੀਆਂ ਹਨ, ਜਿਹੜੀਆਂ ਦੇਸ਼ ਦੇ ਸਾਰੇ ਰਾਜਸੀ ਢਾਂਚੇ, ਜਿਸ ਵਿਚ ਦੇਸ਼ ਦਾ ਲਿਖਿਆ ਵਿਧਾਨ ਵੀ ਆਉਂਦਾ ਹੈ ਦੇ ਖੋਖਲੇ-ਪਨ ਨੂੰ ਨੰਗਾ ਤਾਂ ਕਰਦੀ ਹੀ ਹੈ, ਉਥੇ ਪ੍ਰਧਾਨ ਮੰਤਰੀ ਦੇ ਕਿਰਦਾਰ ਨੂੰ ਵੀ ਨੰਗਾ ਕਰਦੀ ਹੈ।

੦ ਪਹਿਲੀ ਗੱਲ ਉਹਨੇ ਜਿਹੜੀ ਕਹੀ, ਉਹ ਸੀ ਕਿ ਉਸਨੂੰ ਡਰ ਹੈ ਕਿ ਤ੍ਰਿਪੁਰਾ ਵਿਚ ਮਾਰ-ਕਸੀਆਂ ਵਲੋਂ ਚੋਣਾਂ ਵਿਚ ਰਿਗਿੰਗ ਹੋਵੇਗੀ, ਜਾਅਲੀ ਵੋਟਾਂ ਭੁਗਤਨਗੀਆਂ, ਗੁੰਡਿਆਂ ਰਾਹੀਂ ਚੋਣ ਬੂਥਾਂ ਤੇ ਕਬਜ਼ਾ ਕਰਕੇ ਵਿਰੋਧੀ ਵੋਟਾਂ ਨੂੰ ਨਸਾਇਆ ਜਾਏਗਾ। ਬਕਸਿਆਂ ਵਿਚ ਹੇਰਾ ਫੇਰੀਆਂ ਹੋਣਗੀਆਂ। ਇਹੋ ਗੱਲਾਂ ਜਦੋਂ ਵਿਰੋਧੀ ਧਿਰ ਵਾਲੇ ਕਾਂਗਰਸ ਦੀ ਹਕੂਮਤ ਦੇ ਥਲੇ ਵਾਲੇ ਸੂਬਿਆਂ ਬਾਰੇ ਕਹਿੰਦੇ ਹਨ ਤਾਂ ਬੀਬੀ ਇਕ ਦਮ ਔਖੀ ਹੋ ਕੇ ਕਹਿੰਦੀ ਹੈ, "ਲੋਕ ਬੱਕਦੇ ਹਨ, ਦੇਸ਼ ਵਚ ਅਲੈਕਸ਼ਨਾਂ ਦਾ ਕੰਮ ਅਲੈਕਸ਼ਨ ਕਮਿਸ਼ਨ ਵਲੋਂ ਇਸ ਤਰ੍ਹਾਂ ਨਿਪੁੰਨਤਾ ਨਾਲ ਕੀਤਾ ਜਾਂਦਾ ਹੈ ਕਿ ਕਿਸੇ ਕਿਸਮ ਦੀ ਬੇਈਮਾਨੀ ਦੀ ਗੁੰਜਾਇਸ਼ ਨਹੀਂ ਹੈ" ਕੀ ਤ੍ਰਿਪੁਰਾ ਵਿਚ ਅਲੈਕਸ਼ਨ ਇਸੇ ਕਮਿਸ਼ਨ ਦੀ ਨਿਗਰਾਨੀ ਥਲੇ ਨਹੀਂ ਹੋਣੀ ? ਫੇਰ ਹੁਣ ਕੌਣ ਬਕਦੈ ? ਬੀਬੀ ਤੂੰ ਹੀ। ਹੋਰ ਕੋਈ ਨਹੀਂ। ਸਾਨੂੰ ਤਾਂ ਪਹਿਲੇ ਹੀ ਪਤਾ ਹੈ ਕਿ ਸਾਰੀ ਚੋਣ ਖੇਡ ਹੀ ਐਸੇ ਧੋਖੇ ਵਾਲੀ ਹੈ ਕਿ ਜਿਸਦਾ ਵੀ ਦਾਅ ਲਗੇਗਾ ਉਹ ਇਸ ਨੂੰ ਆਪਣੇ ਹਿੱਤ ਵਾਸਤੇ ਵਰਤੇਗਾ। ਭਾਵੇਂ ਕਾਂਗਰਸੀ ਹੋਣ ਤੇ ਭਾਵੇਂ ਮਾਰਕਸੀ ਹੋਣ। ਰੋਂਦੂਆਂ ਵਾਕੁਨ ਬੀਬੀ ਰੋਕੇ ਕਿਸੇ ਅਗੇ ਰੋਸ ਕਰਨਾ ਚਾਹੁੰਦੀ ਹੈ।

...ਦੂਜੀ ਗੱਲ ਬੀਬੀ ਨੇ ਇਲਜ਼ਾਮ ਲਗਾਇਆ ਹੈ ਕਿ ਕੇਂਦਰ, ਪੱਛਮੀ ਬੰਗਾਲ ਸਰਕਾਰ ਨੂੰ ਜੋ ਸਹਾਇਤਾ ਵੀ ਦੇਂਦੀ ਹੈ. ਉਹ ਲੋਕਾਂ ਦੇ ਹਿੱਤ ਵਿਚ ਨਹੀਂ ਵਰਤੀ ਜਾਂਦੀ ਸਗੋਂ ਮਾਰਕਸੀ ਪਾਰਟੀ ਦੇ ਕੈਡਰਾਂ ਦੀ ਹਿੱਤ ਵਿਚ ਵਰਤੀ ਜਾਂਦੀ ਹੈ। ਵਰਤੀ ਜਾਂਦੀ ਹੋਵੇਗੀ, ਅਸੀਂ ਇਸ ਬਹਿਸ ਵਿਚ ਨਹੀਂ ਪੈਂਦੇ, ਪਰ ਬੀਬੀ ਅਪਣੀ ਬੁੱਕਲ ਵਿਚ ਮੂੰਹ ਪਾਕੇ ਵੇਖੇ। ਕੀ ਬੀਬੀ ਹੇਠ ਦੀਆਂ ਸਾਰੀਆਂ ਕਾਂਗਰਸ ਸਰਕਾਰਾਂ ਸਰਕਾਰੀ ਫੰਡ ਨੂੰ ਲੋਕਾਂ ਦੇ ਹਿੱਤ ਵਿਚ ਵਰਤਦੀਆਂ ਹਨ ? ਕੀ ਵਿਕਾਸ ਸਕੀਮਾਂ ਦਾ ਬਹੁਤਾ ਪੈਸਾ ਕਾਂਗਰਸੀਆਂ ਦੇ ਬੋਝਿਆਂ ਵਿਚ ਨਹੀਂ ਜਾਂਦਾ ? ਬੀਬੀ ਕਿਹੜੇ ਮੂੰਹ ਦੂਜਿਆਂ ਉਤੇ ਇਲਜ਼ਾਮ ਦੇਂਦੀ ਏ ?

...ਬੀਬੀ ਦੀ ਉਤਲੀ ਗੱਲ ਤੋਂ ਹੀ ਸਪਸ਼ਟ ਹੈ ਕਿ ਕੇਂਦਰੀ ਸਰਕਾਰ ਹੁਣ ਉਹਨਾਂ ਹੀ ਸੂਬਾਈ ਸਰਕਾਰਾਂ ਨੂੰ ਹੀ ਸਹਾਇਤਾ ਦੇਵੇਗੀ, ਜਿਹੜੀਆਂ ਕਾਂਗਰਸ ਦੇ ਅਸਰ ਥਲੇ ਹੋਣ। ਕੀ ਇਹ ਸਭ ਕੁਝ ਹਿੰਦੋਸਤਾਨ ਦੇ ਵਿਧਾਨ ਵਿਰੁਧ ਨਹੀਂ ਹੋਵੇਗਾ ? ਬੀਬੀ ਦੀਆਂ ਇਹੋ ਗੱਲਾਂ ਹੀ ਅਕਾਲੀਆਂ ਦੀ ਇਸ ਮੰਗ ਨੂੰ ਠੀਕ ਠਹਿਰਾਉਂਦੀਆਂ ਹਨ ਕਿ ਸੂਬਿਆਂ ਕੋਲ ਵੱਧ ਅਧਿਕਾਰ ਹੋਣੇ ਚਾਹੀਦੇ ਹਨ ਅਤੇ ਅਪਣੀਆਂ ਵਿਕਾਸ ਸਕੀਮਾਂ ਵਿਚ ਉਹ ਕੇਂਦਰ ਦੇ ਰਹਿਮੋਕਰਮ ਤੇ ਨਾ ਹੋਣ।

...ਅਪਣੀ ਹਰ ਅਲੈਕਸ਼ਨ ਮੀਟਿੰਗ ਵਿਚ ਬੀਬੀ ਨੇ ਕਿਹਾ ਹੈ ਕਿ 'ਸੈਂਟਰ' ਮਜ਼ਬੂਤ ਹੋਣਾ ਚਾਹੀਦਾ ਹੈ। ਇਹ ਗੱਲ ਜਦੋਂ ਕੁਝ ਸਾਲ ਪਹਿਲੇ ਕਹੀ ਜਾਂਦੀ ਸੀ ਤਾਂ ਇਸਦਾ ਕੁਝ ਇਸ ਤਰ੍ਹਾਂ ਮਤਲਬ ਲਿਆ ਜਾਂਦਾ ਸੀ ਕਿ ਸਮੁੱਚੇ ਹਿੰਦੋਸਤਾਨ ਦੇ ਵਿਕਾਸ ਲਈ ਕੁਝ ਪਲੈਨ ਸਕੀਮਾਂ ਇਹੋ ਜਹੀਆਂ ਹੱਥ ਵਿਚ ਲਈਆਂ ਜਾਂਦੀਆਂ ਹਨ ਜਿਸਦੇ ਵਿਚ ਇਕ ਤੋਂ ਬਹੁਤੇ ਸੂਬਿਆਂ ਦੀ ਸ਼ਮੂਲੀਅਤ ਹੁੰਦੀ ਹੈ ਤੇ ਕਈ ਵਾਰ ਇਹਨਾਂ ਸੂਬਿਆਂ ਦੇ ਆਪਸੀ ਹਿੱਤ ਕਿਧਰੇ ਟੱਕਰਾ ਵੀ ਸਕਦੇ ਹਨ, ਇਸ ਲਈ ਸਮੁੱਚੇ ਵਿਕਾਸ ਲਈ ਮਜ਼ਬੂਤ ਕੇਂਦਰ ਦੀ ਲੋੜ ਹੈ। ਹੁਣ ਮਜ਼ਬੂਤ ਕੇਂਦਰ ਦਾ ਨਾਅਰਾ 'ਮਜ਼ਬੂਤ ਇੰਦਰਾ' ਤੋਂ ਸਿਵਾ ਹੋਰ ਕੁਝ ਨਹੀਂ ਤੇ ਇਕ ਪੁਰਖੀ ਤਾਨਾਸ਼ਾਹੀ ਇਸਦਾ ਪ੍ਰਗਟਾਵਾ ਹੈ। ਇਸੇ ਕਰਕੇ ਹਰ ਜਮਹੂਰੀਅਤ ਪਸੰਦ ਵਿਅਕਤੀ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਨੂੰ ਸਹੀ ਮੰਗ ਮੰਨਦਾ ਹੈ।

...ਆਪਣੀ ਹਰ ਅਲੈਕਸ਼ਨ ਮੀਟਿੰਗ ਵਿਚ ਬੀਬੀ ਨੇ ਵੱਖਵਾਦੀ ਅਨਸਰ ਦੀ ਨਿਖੇਧੀ ਕਰਨਾ ਅਪਣਾ ਧਰਮ ਸਮਝਿਆ ਹੈ। ਇਸ਼ਾਰਾ ਆਸਾਮ ਦੇ ਅੰਦੋਲਨ-

ਕਾਰੀਆਂ ਅਤੇ ਪੰਜਾਬ ਵਿਚ ਅਕਾਲੀਆਂ ਵਲ ਹੁੰਦਾ ਸੀ। ਪਰ ਇਸਦੀ ਜ਼ਿੰਮੇਵਾਰੀ ਕਿਸ ਤੇ ਹੈ ? ਇਕ ਥਾਂ ਬੀਬੀ ਨੇ ਸਾਬਕਾ ਫੌਜੀਆਂ ਨੂੰ ਸਿਆਸਤ ਵਿਚ ਲਿਆਉਣ ਵਾਲੇ ਕਦਮ ਨੂੰ ਵੀ ਨਿੰਦਿਆ ਪਰ ਜਦੋਂ ਜਨਰਲ ਰਾਜਿੰਦਰ ਸਿੰਘ ਸਪੈਰੋ ਨੂੰ ਕਾਂਗਰਸੀ ਐਮ. ਪੀ. ਬਣਾਇਆ ਗਿਆ, ਉਹ ਕੀ ਸੀ ?

ਸਾਡੇ ਲੋਕਾਂ ਦੀ ਬੜੀ ਹੀ ਬਦਕਿਸਮਤੀ ਹੈ ਕਿ ਇਸਤਰ੍ਹਾਂ ਦੋਗਲੀ ਸੋਚ ਵਾਲੇ ਵਿਅਕਤੀ ਕੋਲ ਦੇਸ਼ ਦੀ ਵਾਗਡੋਰ ਹੈ।

ਅਜ ਦੇਸ਼ ਦੀ ਗ਼ਲਤ ਰੁੱਚੀ ਭਾਵੇਂ ਉਹ ਕਿਥੇ ਵੀ ਜਨਮ ਲੈ ਰਹੀ ਹੈ, ਪ੍ਰਧਾਨ ਮੰਤਰੀ ਦੀਆਂ ਗ਼ਲਤ ਨੀਤੀਆਂ ਕਰਕੇ ਹੀ ਜਨਮ ਲੈ ਰਹੀ ਹੈ। ਕੁਝ ਵਿਅਕਤੀ ਇਤਿਹਾਸ ਵਿਚ ਇਕ ਸਿਸਟਮ ਦਾ ਪ੍ਰਤੀਕ ਬਣ ਜਾਂਦੇ ਹਨ। ਸਾਡੀ ਬੀਬੀ ਉਹਨਾਂ ਵਿਚੋਂ ਇਕ ਹੈ। ਸਾਨੂੰ ਇਹ ਗਲ ਸਮਝ ਲੈਣੀ ਚਾਹੀਦੀ ਹੈ ਅਤੇ ਸਾਡੀਆਂ ਸਾਰੀਆਂ ਨੀਤੀਆਂ ਇਸਦੀ ਦੇਸ਼ ਉਤੇ ਜੱਕੜ ਨੂੰ ਮੁਕਾਉਣ ਵਲ ਹੋਣੀਆਂ ਚਾਹੀਦੀਆਂ ਹਨ।

o ਗੁਰਸ਼ਰਨ ਸਿੰਘ

---

ਸੰਪਾਦਕੀ ਟਿਪਣੀਆਂ

## 1. ਇਕ ਕਾਵਿ ਪ੍ਰਾਪਤੀ

ਕੁਝ ਕਿਰਤਾਂ ਸਮੇਂ ਦੀ ਆਵਾਜ਼ ਹੋ ਕੇ ਨਿਬੜਦੀਆਂ ਹਨ। ਧਰਮ ਕੰਮੇਆਣਾ ਦਾ ਕਾਵਿ ਸੰਗ੍ਰਿਹ 'ਮੈਨੂੰ ਹੱਸਣਾ ਭੁਲ ਗਿਆ ਮਾਂ' ਉਹਨਾਂ ਵਿਚੋਂ ਇਕ ਹੈ, ਇਹ ਸੰਗ੍ਰਿਹ ਇਕ ਕਵੀ ਦੇ ਸਫਰ ਦੀ ਵੀ ਦਾਸਤਾਨ ਹੈ ਤੇ ਅਜ ਦੀ ਚੇਤਨ ਪੀੜੀ ਦਾ ਸਫਰ ਹੋ ਕੇ ਵੀ ਨਿਬੜਦੀ ਹੈ, ਜਿਸਨੇ ਤੁਰਨਾ ਹੈ ਤੇ ਧਰਤੀ ਤੇ ਜੋ ਕੁਝ ਗਲਤ ਹੈ, ਉਸਨੂੰ ਵੰਗਾਰਦਿਆਂ ਹੋਇਆਂ ਅਪਣੀ ਮੰਜ਼ਿਲ ਤੇ ਪੁਜਣਾ ਹੈ, ਮੰਜ਼ਿਲ ਜੋ ਮਨੁੱਖਤਾ ਦੀ ਮੰਜ਼ਿਲ ਹੈ।

ਸਫਰ ਦਾ ਸ਼ੁਰੂ ਕਰਨ ਦਾ ਇਰਾਦਾ ਕਵੀ ਦੇ ਇਹਨਾਂ ਸ਼ਬਦਾਂ ਵਿਚ ਹੈ :

ਉਹ ਵੀ ਇਕ ਹਾਦਸਾ ਸੀ
ਜਦ ਮੈਂ ਤੈਨੂੰ ਕਿਹਾ ਸੀ
"ਮਰ ਜਾਣੀਏ ! ਸਾਰੇ ਦੀ ਸਾਰੇ ਹੀਰ
ਤੇਰੀਆਂ ਅੱਖਾਂ 'ਚ ਲਿਖੀ ਹੋਈ ਹੈ"
ਤੇ ਮੈਂ ਤੇਰੀ ਛਾਤੀ ਤੇ ਗੁਲਾਬ ਦੀਆਂ ਪਤੀਆਂ ਨਾਲ
ਗੀਤ ਲਿਖਦਾ ਨਹੀਂ ਸੀ ਥੱਕਦਾ
ਤੇ ਇਹ ਵੀ ਇਕ ਹਾਦਸਾ ਹੈ
ਮੈਂ ਰੋਟੀ ਦੇ ਪਿੰਡੇ 'ਤੇ
ਯੋਧਿਆ ਦੀਆਂ ਵਾਰਾਂ ਲਿਖਣ ਲੱਗ ਪਿਆ ਹਾਂ।
ਖੁਦਕਸ਼ੀ ਦੇ ਰਾਹ ਤੇ ਤੁਰ ਰਹੇ ਮੇਰੇ ਪੈਰ
ਆਪੇ ਹੀ ਲਾਲ ਕਿਲੇ ਵੱਲ ਮੁੜ ਪਏ ਨੇ
ਤੇ ਮੈਨੂੰ ਝੁੱਗੀਆਂ ਦੇ ਮੱਥੇ 'ਚ ਉੱਗੀ ਪੀੜ ਸਾਹਵੇਂ
ਆਪਣੀ ਪੀੜ ਨਿਗੂਣੀ ਜਾਪਦੀ ਹੈ

ਸਫਰ ਵਿਚ ਸਾਥੀ ਕੌਣ ਹੋਣਗੇ ?

ਮੇਰਾ ਪਿੰਡ !
ਸੱਚ ਦੀ ਜੰਗ ਲੜਣ ਲਈ ਉੱਠੀ ਲਲਕਾਰ ਦਾ
ਹੁੰਗਾਰਾ ਭਰਦਾ ਵੀ ਹੈ ਤੇ ਨਹੀਂ ਵੀ
ਕੁਝ ਖਾਂਦੇ-ਪੀਂਦੇ ਘਰ ਤਾਂ ਅਸਲੋਂ ਹੀ
ਧੋਬੀ ਦੇ ਕੁਤੇ ਵਾਂਗ
ਘਰ ਤੇ ਘਾਟ ਦੇ ਵਿਚਕਾਰ ਲਟਕਦੇ ਨੇ
ਪਰ ਮੈਂ ਜਦ ਕਦੀ ਵੀ
ਵਡੇ ਬਾਈ ਕਰਮ ਸਿਹੁੰ ਦੇ ਭੁਝੰਗੀਆਂ
ਰਣਜੀਤ ਤੇ ਸਿਮਰਜੀਤ ਨੂੰ o
ਕਾਨਿਆਂ ਦੀ ਬੰਦੂਕ ਨਾਲ ਖੇਡਦੇ ਤੱਕਦਾ ਹਾਂ
ਤਾਂ ਮਹਿਸੂਸ ਕਰਦਾ ਹਾਂ
ਕੰਮੇਆਣਾ ਤੋਂ ਦਿੱਲੀ ਤੱਕ ਦਾ ਸਫਰ
ਸ਼ੁਰੂ ਹੋਣ ਹੀ ਵਾਲਾ ਹੈ o

ਸਫਰ ਦੀ ਤਿਆਰੀ ਵਿਚ ਕਿਨਾਂ ਗਲਾਂ ਤੋਂ ਮੁਹਤਾਤ ਹੋਣਾ ਹੈ ?

ਮਿਰਜ਼ਿਆ !
ਹੁਣ ਵੇਲਾ ਆ ਗਿਆ ਹੈ।
ਝੰਗ ਸਿਆਲਾਂ ਵੱਲ ਵਹੀਰਾਂ ਘੱਤਣ ਦਾ
ਪਰ ਵੀਰਿਆ !
ਤੂੰ ਕਦੀ ਵੀ ਕਾਵਾਂ ਖਾਧੀ
ਬੱਕੀ ਤੇ ਸਵਾਰ ਨਾਂ ਹੋਈ
(ਹੁਣ ਤੇਰਾ ਵਾਹ ਇਕ ਦੀ ਥਾਂ
ਅਨੇਕਾਂ ਬੱਕੀਆਂ ਸੰਗ ਪਏਗਾ
ਤੇ ਤੈਨੂੰ ਹਰ ਕੋਈ ਕਹੇਗਾ
ਮੇਰੀ ਬੱਕੀ ਅਸਲੀ ਨਸਲ ਵਿਚੋਂ ਹੈ)
ਤੇ ਇਕ ਗੱਲ ਹੋਰ
ਤੂੰ ਜਦ ਵੀ ਤੁਰੇਂ ਬਾਝ ਭਰਾਵਾਂ ਨਾ ਤੁਰੀਂ
ਵੈਰੀਆਂ ਨੂੰ ਮਿੱਟੀ ਦੇ ਮਾਧੋ ਸਮਝਣਾ
ਤੇ ਇਸ਼ਤਿਹਾਰ ਬਾਜ਼ੀ ਕਰਨੀ
ਵਿਅਕਤੀਗਤ ਬਹਾਦਰੀ ਦੀ
ਬਰਗਣੇ ਦੇ ਰੋਗ ਤੋਂ ਸਿਵਾ ਕੁਝ ਨਹੀਂ
ਉਹ ਸਾਰੇ ਦੇ ਸਾਰੇ ਚੰਧੜਾਂ ਦੇ ਯਾਰ ਨੇ
ਜੋ ਤੈਨੂੰ ਸਮਝੌਤਿਆਂ ਦਾ ਰਾਹ ਦਸਦੇ ਨੇ
ਤੂੰ ਜਦ ਵੀ
ਸਿਆਲਾਂ ਦੀ ਛਮਲੇ ਵਾਲੀ ਪੱਗ ਨੂੰ ਹੱਥ ਪਾਵੇਂਗਾ
ਜੰਗ ਤਾਂ ਮਿਤਰਾ ਹੋਣੀ ਹੀ ਹੋਣੀ ਹੈ

ਸਫਰ ਦੀਆਂ ਮੁਸ਼ਕਲਾਂ ਕੀ ਹਨ ? ਉਹ ਪਤਾ ਹਨ, ਪਰ ਵਿਸ਼ਵਾਸ ਵੀ ਬੋਲਦਾ ਹੈ।

ਦੁਲ੍ਹਾ ਪਿੰਡੀਓਂ ਤੁਰ ਪਿਆ ਹੈ
ਤੇ ਮੌਤ ਵੀ ਕਹਿੰਦੇ ਅਗੇ ਖੜੀ ਹੈ
ਪਰ ਇਹ ਕੋਈ ਜ਼ਰੂਰੀ ਨਹੀਂ
ਕਿ ਹਰ ਬਾਰ ਮੌਤ ਹੀ ਜਿੱਤੇ
ਜਿੱਤ ਤਾਂ ਦੁੱਲੇ ਦੀ ਵੀ ਲਿਖੀ ਹੈ
ਇਤਿਹਸਿ ਦੇ ਕਿਸੇ ਪੰਨੇ ਤੇ

ਤੇ ਜਦੋਂ ਸਫਰ ਤੇ ਨਿਕਲੇ ਹਾਂ ਤਾਂ ਨਾਅਰਾ ਤਾਂ ਮਾਰਨਾ ਹੀ ਪੈਣਾ ਹੈ।

ਜੇ ਤੁਹਾਡੀ ਅੱਖ ਵਿਚ ਅਣਖ ਦੀ ਜੋਤ ਹੈ ਜਗਦੀ
ਤਾਂ ਸਮਾਂ ਹੈ ਮੰਗ ਕਰਦਾ
ਰੋਹ ਬਣੋ ਲਲਕਾਰ ਬਣੋ
ਅੱਗ ਤੋਂ ਡਰਦੇ ਨੇ ਸਭ ਭੂਤ-ਭੂਤਾਣੇ
ਰਾਤ ਦੇ ਰਾਹੀਓ ਮੱਚਦੇ ਅੰਗਿਆਰ ਬਣੋ o

ਸੂਝ, ਵਿਸ਼ਵਾਸ਼ ਅਤੇ ਸੰਘਰਸ਼ ਦੇ ਕਾਵਿ ਪਰਗਟਾ ਦੇ ਇਸ ਕਾਵਿ ਸੰਗ੍ਰਹਿ ਨੂੰ ਪਾਠਕਾਂ ਨੂੰ ਦੇਣ ਵਿਚ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਿਸ਼ੇਸ਼ ਖੁਸ਼ੀ ਮਹਿਸੂਸ ਕਰਦਾ ਹੈ।

## 2. ਲੋਕ ਤੁਰ ਰਹੇ ਹਨ :

1. ਕੁਝ ਸਮੇਂ ਪਹਿਲੇ ਅਖਬਾਰਾਂ ਵਿਚ ਜਦੋਂ ਥਾਨਿਆਂ ਵਿਚ ਹੋਏ ਬਲਾਤਕਾਰੀ ਦੀਆਂ, ਦਾਜ ਲਈ ਸਾੜੀਆਂ ਜਾਣ ਵਾਲੀਆਂ ਕੁੜੀਆਂ ਜਾਂ ਪੁਲਸ ਵਲੋਂ ਥਾਨਿਆਂ ਵਿਚ ਕੁੱਟ ਕੁੱਟਕੇ ਮਾਰ ਦੇਣ ਦੀਆਂ ਖਬਰਾਂ ਆਂਦੀਆਂ ਸਨ ਤਾਂ ਇਹ ਸਿਰਫ਼ ਖਬਰਾਂ ਦੀ ਸ਼ਕਲ ਵਿਚ ਹੀ ਹੁੰਦੀਆਂ ਸਨ। ਪਰ ਹੁਣ ਸਥਿਤੀ ਥੋੜੀ ਬਦਲੀ ਹੈ, ਹੁਣ ਇਹਨਾਂ ਖਬਰਾਂ ਦੇ ਨਾਲ ਨਾਲ ਲੋਕ ਰੋਸ ਦੀਆਂ ਵੀ ਖਬਰਾਂ ਆਂਦੀਆਂ ਹਨ, ਜੋ ਇਹਨਾ ਸਮਾਜ ਦੁਸ਼ਮਣ ਹਰਕਤਾਂ ਵਿਰੁਧ ਹੋਈਆ। ਇਹਨਾਂ ਖਬਰਾਂ ਨੂੰ ਪੜ੍ਹਕੇ ਹਾਲੇ ਵੀ ਕੁਝ ਸਾਧਾਰਨ ਲੋਕ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਲੋਕ ਜਿਨਾਂ ਮਰਜ਼ੀ ਰੌਲਾ ਪਾਉਣ, ਇਹ ਜ਼ਿਆਦਤੀਆਂ ਤਾਂ ਹੁੰਦੀਆਂ ਹੀ ਰਹਿਣੀਆਂ ਹਨ। ਇਸ ਸਾਧਾਰਨ ਜਹੀ ਗਲ ਪਿਛੇ ਉਹਨਾਂ ਲੋਕਾਂ ਦੀ ਸੋਚਨੀ ਹੈ, ਜਿਨ੍ਹਾਂ ਦਾ ਕਿਰਦਾਰ ਬੱਸ ਆਪਣੇ ਹੀ ਹਿਤਾਂ ਤਕ ਸੋਚਣ ਦਾ ਹੈ। ਇਕ ਸੋਚ ਇਹ ਵੀ ਹੈ ਕਿ ਰੋਸ ਜ਼ਰੂਰ ਕਰੋ, ਉਸ ਤੋਂ ਵੱਧ ਤੁਸੀਂ ਕੁਝ ਨਹੀਂ ਕਰ ਸਕਦੇ। ਇਹ ਸਾਧਾਰਨ ਸੋਚਾਂ ਸੁਧੇ ਹੀ ਜਾਬਰਾਂ ਤੇ ਬੇਈਮਾਨਾਂ ਦੇ ਹੱਕ 'ਚ ਜਾਂਦੀਆਂ ਹਨ। ਇਹ ਦੋਨੋਂ ਸੋਚਾਂ ਬਹੁਤ ਚਿਰ ਤਕ ਹਿੰਦੋਸਤਾਨ ਦੇ ਸਮਾਜ ਦਾ ਹਿੱਸਾ ਬਣੀਆਂ ਰਹੀਆਂ ਹਨ ਜਿਸ ਕਾਰਨ ਝੂਠ ਤੇ ਦਮਨ ਦਾ ਪਸਾਰਾ ਵੱਧਦਾ ਹੀ ਗਿਆ ਅਤੇ ਕਾਨੂੰਨ ਦੀ ਰਖਵਾਲੀ ਕਰਨ ਵਾਲੇ ਥਾਂ ਹ ਰ ਕਿਸਮ ਦੇ ਜੁਰਮ ਦਾ ਕੇਂਦਰ ਬਣਦੇ ਰਹੇ। ਇਹਨਾਂ ਸੋਚਾਂ ਦੇ ਵਿਰੁਧ ਸੰਘਰਸ਼ੀਲ ਲੋਕਾਂ ਦਾ ਸੰਘਰਸ਼ ਹਮੇਸ਼ਾਂ ਰਿਹਾ ਹੈ, ਉਹ ਸਮਾਜ ਵਿਚ ਹੋ ਰਹੀ ਹਰ ਜਿਆਦਤੀ ਵਿਰੁਧ ਦਖਲ ਅੰਦਾਜ਼ੀ ਕਰਦੇ ਹਨ, ਜ਼ਾਤੀ ਪੱਧਰ ਤੇ ਵੀ ਤੇ ਜਥੇਬੰਦੀ ਦੇ ਪੱਧਰ ਤੇ ਵੀ—ਇਹ ਸੰਘਰਸ਼ ਹੁਣ ਇਕ ਲੋਕ ਲਹਿਰ ਦਾ ਰੂਪ ਧਾਰ ਰਿਹਾ ਹੈ। ਪੰਜਾਬ ਵਿਚ ਇਸ ਮਹੀਨੇ ਹੋਈਆਂ ਦੋ ਘਟਨਾਵਾਂ ਇਸਦਾ ਪ੍ਰਮਾਣ ਹੈ

ਥਾਨਾ ਬੱਧਨੀਕਲਾਂ ਵਿਚ ਮੀਨੀਆਂ ਪਿੰਡ ਦੀ ਇਕ ਹਰੀਜਨ ਕੁੜੀ ਦੀ, ਜਿਸਦੀ ਉਮਰ 16 ਸਾਲ ਦੀ ਸੀ, ਇਜ਼ਤ ਲੁੱਟੀ ਗਈ ਸੀ। ਉਹਦੇ ਪਿਤਾ ਵਿਰੁਧ ਕਿਸੇ ਕਤਲ ਕੇਸ ਦੀ ਤਪਤੀਸ਼ ਦੇ ਸਿਲਸਿਲੇ ਵਿਚ ਇਸ ਕੁੜੀ ਨੂੰ ਬਿਨਾਂ ਜ਼ਨਾਨਾ ਪੁਲਸ ਦੀ ਸਹਾਇਤਾ ਨਾਲ ਥਾਨੇ ਲਿਆਂਦਾ ਗਿਆ ਤੇ ਉਸਦੀ ਇਜ਼ਤ ਕਰਨੈਲ ਸਿੰਘ ਐਸ. ਐਚ. ਓ. ਅਤੇ ਇਕ ਸਿਪਾਹੀ ਵਲੋਂ ਲੁੱਟੀ ਗਈ। ਲੋਕਾਂ ਨੂੰ ਪਤਾ ਲਗਾ ਤਾਂ ਉਹ‌ ਵਡੀ ਭੀੜ ਦੀ ਸ਼ਕਲ ਵਿਚ ਥਾਣੇ ਨੂੰ ਘੇਰ ਲਿਆ, ਜਮਹੂਰੀ ਅਧਿਕਾਰ ਸਭਾ ਦੇ ਆਗੂ ਡਾਕਟਰ ਧਰਮਵੀਰ, ਜੋ ਬਿਲਾਸਪੁਰ ਵਿਚ ਡਾਕਟਰ ਇੰਚਾਰਜ ਹਨ ਅਤੇ ਹੋਰ ਲੋਕ ਪੱਖੀ ਆਗੂਆਂ ਨੇ ਲੋਕਾਂ ਦੀ ਅਗਵਾਈ ਕੀਤੀ। ਬੱਚੀ ਦਾ ਡਾਕਟਰੀ ਮੁਆਇਨਾ ਮੋਗੇ ਕੀਤਾ ਗਿਆ, ਮੋਗੇ ਦਾ ਡਾਕਟਰ ਬੇਈ-ਮਾਨ ਹੋ ਗਿਆ। ਲੋਕਾਂ ਨੇ ਉਹਦੀ ਬੇਈਮਾਨ ਤਾੜਦਿਆਂ ਹੋਇਆਂ ਡਾਕਟਰੀ ਮੁਆਇਨਾ ਫਰੀਦਕੋਟ ਡਾਕਟਰਾਂ ਦੇ ਇਕ ਪੈਨਲ ਕੋਲੋਂ ਕਰਵਾਉਣ ਦੀ ਮੰਗ ਕੀਤੀ। ਪੈਨਲ ਨੇ ਐਸ. ਐਚ. ਦੇ ਜੁਰਮ ਨੂੰ ਸਾਬਤ ਕੀਤਾ। ਲੋਕਾਂ ਨੇ ਇਕ ਐਕਸ਼ਨ ਕਮੇਟੀ ਬਣਾ ਕੇ ਇਸ ਨੂੰ ਆਪਣੇ ਹੱਥ ਵਿਚ ਲੈ ਲਿਆ ਹੈ। ਮੋਗੇ ਦੇ ਡਾਕਟਰ ਵਿਰੁਧ ਵੀ ਇਕ ਵਡਾ ਵਿਖਾਵਾ ਹੋਇਆ ਹੈ, ਜਿਸ ਵਿਚ ਮੋਗੇ ਦੇ ਵਕੀਲਾਂ ਅਤੇ ਬੁਧੀਜੀਵੀਆਂ ਨੇ ਵੀ ਹਿੱਸਾ ਲਿਆ ਹੈ। ਐਕਸ਼ਨ ਕਮੇਟੀ ਨੇ ਅਧਿਕਾਰੀਆਂ ਨੂੰ ਦਸ ਦਿਨਾਂ ਦਾ ਨੋਟਿਸ ਦਿਤਾ ਹੈ, ਜੇਕਰ ਮੁਜਰਿਮਾਂ ਵਿਰੁਧ ਕਾਰਵਾਈ ਨਾ ਕੀਤੀ ਗਈ ਤਾਂ ਉਹ ਹਰ ਕਦਮ ਉਠਾਣ ਤੇ ਮਜਬੂਰ ਹੋਣ। ਅਧਿਕਾਰੀਆਂ ਨੇ ਇਸ ਗੱਲ ਵਾਅਦਾ ਕੀਤਾ ਹੈ ਕਿ ਉਹ ਤਪਤੀਸ਼ ਕਰਕੇ ਦੋਸ਼ੀਆਂ ਵਿਰੁਧ ਜ਼ਰੂਰ ਐਕਸ਼ਨ ਲੈਣਗੇ।

ਦੂਜੀ ਮਿਸਾਲ ਬਾਗੇ ਪੁਰਾਣੇ ਦੀ ਹੈ—ਜਿਸ ਬਾਰੇ ਸਾਨੂੰ ਇਕ ਚਿੱਠੀ ਮਿਲੀ ਹੈ :

ਪੁਲਸੀਆਂ ਮੁਆਫੀ ਮੰਗੀ ਮੁਲਾਜ਼ਮ ਏਕੇ ਦੀ ਸ਼ਾਨਦਾਰ ਜਿੱਤ—ਸਾਡੀ ਬਿਜਲੀ ਮੁਲਾਜ਼ਮਾਂ ਦੀ ਜੱਥੇਬੰਦੀ ਟੈਕਨੀਕਲ ਸਰਵਿਸਜ਼ ਯੂਨੀਅਨ ਵਲੋਂ ਪਿਛਲੇ ਕਾਫੀ ਅਰਸੇ ਤੋਂ ਲੋਕ—ਮੁਲਾਜ਼ਮ ਰਿਸ਼ਤੇ ਦੀਆਂ ਤੰਦਾਂ ਮਜ਼ਬੂਤ ਕਰਨ, ਲੋਕਾਂ ਅਤੇ ਮੁਲਾਜ਼ਮਾਂ ਨੂੰ ਇਸ ਨਾਕਸ ਪਰਬੰਧ ਬਾਰੇ ਚੇਤੰਨ ਕਰਨ ਅਤੇ ਇਸ 'ਚ ਨਿੱਤ ਨਵੇਂ ਦਿਨ ਹੋ ਰਹੀਆਂ ਧੱਕੇਸ਼ਾਹੀਆਂ ਵਿਰੁੱਧ ਜਥੇਬੰਦਕ ਸ਼ਕਤੀ ਤੇ ਟੇਕ ਰੱਖਦੇ ਲੜਨ ਅਤੇ ਦੁੱਖਾਂ ਦੇ ਅੰਤਮ ਨਿਪਧਰੇ ਇਸ ਪਰਬੰਧ ਨੂੰ ਮੁੱਢੋਂ-ਸੁੱਢੋਂ ਤਬਦੀਲ ਕਰਨ ਦੀ ਜਾਗ ਲਾਉਂਦਿਆਂ ਆ ਰਹੀ ਹੈ।

ਅਜਿਹੀ ਹੀ ਇਕ ਘਟਨਾ ਬਾਘੇ-ਪੁਰਾਣੇ ਇਲਾਕੇ 'ਚ ਵਾਪਰੀ, ਬਾਘਾ ਪੁਰਾਣੇ ਦੀ ਪੁਲੀਸ ਵਲੋਂ ਟੀ. ਐਸ. ਯੂ. ਸਬ-ਡਵੀਜ਼ਨ ਦੇ ਮੀਤ ਪ੍ਰਧਾਨ ਬਿੰਦਰ ਸਿੰਘ ਨੂੰ ਇਕ ਟਾਊਟ ਦੇ ਇਸ਼ਾਰੇ ਤੇ ਬਿਨਾਂ ਕਿਸੇ ਕਸੂਰ ਕੁਟਾਪਾ

ਚਾੜ੍ਹ ਦਿਤਾ ਅਤੇ ਇਕ ਦਿਨ ਗ਼ੈਰ ਕਨੂੰਨੀ ਹਿਰਾਸਤ ਵਿਚ ਰਖਿਆ। ਆਪਣੇ ਜੱਦੀ-ਪੁਸ਼ਤੀ ਕਿਰਦਾਰ ਤੇ ਵਿਹਾਰ ਮੁਤਾਬਿਕ 'ਅਮਨ ਕਾਨੂੰਨ ਦੇ ਰਾਖਿਆਂ ਸਾਥੀ ਬਿੰਦਰ ਦੇ ਘਰਦਿਆਂ ਨੂੰ ਕੁੱਟ ਕੇ 150 (ਇਕ ਸੌ ਪੰਜਾਹ ਰੁ.) ਵੀ ਬਟੋਰ ਲਏ। ਘਟਨਾ ਦਾ ਪਤਾ ਲਗਦਿਆਂ ਹੀ ਸਬ ਡਵੀਜ਼ਨ ਦੀ ਯੂਨਿਟ ਕਮੇਟੀ ਦੀ ਅਗਵਾਈ ਵਿਚ ਜਣਤਕ ਡੈਪੂਟੇਸ਼ਨ ਪੁਲੀਸ ਅਧਿਕਾਰੀਆਂ ਨੂੰ ਮਿਲਿਆ ਪਰ ਇਨਸਾਫ਼ ਦੇ 'ਮੰਦਰਾਂ' ਵਿਚੋਂ ਡਾਂਗਾਂ ਵਰ੍ਹਾਉਣਾ ਤੇ ਗ੍ਰਿਫ਼ਤਾਰੀਆਂ ਕਰਨ ਦੀਆਂ ਧਮਕੀਆਂ ਨਾਲ ਡੈਪੂਟੇਸ਼ਨ ਦਾ ਸਵਾਗਤ ਹੋਇਆ।

ਟੀ. ਐਸ. ਯੂ. ਨੇ ਪੁਲੀਸ ਦੀ ਇਸ ਧੱਕੇਸ਼ਾਹੀ ਵਿਰੁੱਧ ਵੱਡੀ ਗਿਣਤੀ ਵਿਚ ਪੋਸਟਰ ਕੱਢ ਕੇ ਮੁਲਾਜ਼ਮਾਂ ਨੂੰ 30/11/82 ਨੂੰ ਪੁਲੀਸ ਵਿਰੁੱਧ ਮੁਜ਼ਾਹਰੇ ਦਾ ਸੱਦਾ ਦਿੱਤਾ। ਟਾਊਟ ਦੇ ਪਿੰਡ ਸੰਗਤਪੁਰੇ ਵਿਚ ਰੈਲੀਆਂ ਕਰਕੇ ਪੁਲੀਸ ਵਿਰੁੱਧ ਜੂਝਣ ਦਾ ਸੱਦਾ ਦਿੱਤਾ। ਟਾਊਟ ਦੇ ਕਿਸੇ ਨੂੰ ਫੜਾਉਣ ਦੇ ਧੰਦੇ ਤੋਂ ਦੁੱਖੀ ਪਿੰਡ ਨਿਵਾਸੀ ਟੀ. ਐਸ. ਯੂ. ਨਾਲ ਆ ਰਲੇ, ਅਤੇ 40 ਆਦਮੀ ਮੁਜ਼ਾਹਰੇ ਵਿਚ ਵੀ ਆਏ। ਲੋਕਾਂ ਅਤੇ ਮੁਲਾਜ਼ਮਾਂ ਦੀ ਵਧਦੀ ਏਕਤਾ ਅਤੇ ਰੋਹ ਤੋਂ ਤਿਰੰਹਦੇ ਪੁਲਸੀਏ ਲਿਖਤੀ ਗਲਤੀ ਮੰਨ ਗਏ। 150 ਰੁਪੈ ਵਾਪਸ ਦੇਣੇ ਵੀ ਮੰਨ ਗਏ। ਟੀ. ਐਸ. ਯੂ. ਵਲੋਂ ਮੁਲਾਜ਼ਮ ਏਕੇ ਨੂੰ ਹੋਰ ਮਜ਼ਬੂਤ ਕਰਨ, ਗੁੰਡਿਆਂ ਟਊਟਾ ਤੇ ਸਰਕਾਰੀਆਂ ਅਧਿਕਾਰੀਆਂ ਦੀਆਂ ਏਕੇ ਦੇ ਬਲ, ਗੋਡਨੀਆਂ ਲਵਾਉਣ ਦੀ ਇਸ ਪਿਰਤ ਨੂੰ ਹੋਰ ਅਗੇ ਤੋਰਨ ਦੇ ਯਤਨ ਜ਼ਾਰੀ ਹਨ। ਬਾਕੀ ਜਨਤਕ ਜਥੇਬੰਦੀਆਂ ਨੂੰ ਇਸ ਰਾਹ ਤੇ ਤੁਰਨ ਦੀ ਲੋੜ ਹੈ।

—ਬਲਵੰਤ ਸਿੰਘ, ਸਰਕਲ ਆਰਗੇਨਾਈਜ਼ਰ,
ਟੈਕਨੀਕਲ ਸਰਵਿਸਿਜ਼ ਯੂਨੀਅਨ, ਸਰਕਲ ਫ਼ਰੀਦਕੋਟ

ਇਹ ਦੋ ਮਿਸਾਲਾਂ ਹੀ ਦਸਦੀਆਂ ਹਨ ਕਿ ਲੋਕ ਜ਼ੁਲਮ ਦੇ ਵਿਰੁਧ ਤੁਰਨ ਲਈ ਤਿਆਰ ਹਨ, ਲੋੜ ਹੈ ਕਿ ਉਹਨਾਂ ਨੂੰ ਯੋਗ ਅਤੇ ਇਮਾਨਦਾਰ ਅਗਵਾਈ ਦਿਤੀ ਜਾਏ।

## ਲੋਕ ਤੁਰਦੇ ਹਨ (2) :

ਝੂਠ ਤੇ ਬੇਈਮਾਨੀ ਦੇ ਪਸਾਰੇ ਵਿਰੁਧ ਸੰਘਰਸ਼ ਵਿਚ ਜਿਥੇ ਵੀ ਕੋਈ ਬੈਠਾ ਹੈ, ਆਪਣਾ ਹਿੱਸਾ ਪਾ ਸਕਦਾ ਹੈ। ਇਸ ਸਿਲਸਲੇ ਵਿਚ ਟੀਚਰਜ਼ ਬਲਾਕ, ਮਾਛੀਵਾੜਾ ਵਲੋਂ ਇਕ ਚਿੱਠੀ ਤੇ ਇਕ ਲੀਫਲੈਟ ਮਿਲਿਆ ਹੈ, ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।

ਪਿਆਰੇ ਭਾ ਜੀ,

ਆਪ ਨੇ 'ਸਮਤਾ' ਰਾਹੀਂ ਏਸ਼ਿਆਈ ਖੇਡਾਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਆਰਟੀਕਲਜ਼ ਦਿਤੇ ਹਨ। ਅਸੀਂ ਪ੍ਰਾਇਮਰੀ ਸਕੂਲ ਟੀਚਰ ਹੋਣ ਦੇ ਨਾਤੇ ਸਾਡੇ ਸਕੂਲਾਂ 'ਚ ਖੇਡਾਂ ਦੀ ਸਥਿਤੀ ਬਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਸਾਡੇ ਬੱਚੇ ਖੇਡਾਂ ਵਿਚ ਵਧੀਆ ਪੁਜੀਸ਼ਨਾਂ ਵੀ ਲੈਂਦੇ ਹਨ। ਪੰਜਾਬ ਤੱਕ ਦੇ ਟੂਰਨਾਮੈਂਟਾਂ 'ਚ ਬੱਚੇ ਖਿਡਾਉਂਦਿਆਂ ਅਸੀਂ ਬਹੁਤ ਪੋਲ ਤੇ ਅਣਗਹਿਲੀਆਂ ਤੱਕੀਆਂ ਤੇ ਮਾਣੀਆਂ ਹਨ।

ਸਾਡੇ ਮਾਛੀਵਾੜਾ ਬਲਾਕ 'ਚ ਅਸੀਂ ਕਮੇਟੀਆਂ ਬਣਾ ਕੇ ਸਾਰਾ ਪੈਸਾ ਆਪ ਵੰਡਦੇ ਹਾਂ। ਪੰਜਾਬ ਦਾ ਟੂਰਨਾਮੈਂਟ ਸਾਡੇ ਜ਼ਿਲੇ ਲੁਧਿਆਣੇ ਵਿਚ ਹੀ ਹੋਇਆ ਸੀ। ਅਸੀਂ ਕੁਝ ਯੂਨੀਅਨਿਸਟ ਟੀਚਰਾਂ ਨੇ ਜਿਹੜੇ ਅਜਿਹੀਆਂ ਗੱਲਾਂ ਦੇ ਖਿਲਾਫ਼ ਪਹਿਲਾਂ ਵੀ ਫਾਈਟ ਕਰਦੇ ਰਹੇ ਹਾਂ, ਨੇ ਇਸ ਸਬੰਧੀ ਇਕ ਲੀਫਲੈਟ ਕੱਢ ਕੇ ਪੰਜਾਬ ਟੂਰਨਾਮੈਂਟ ਵਿਚ ਮਿਤੀ 15-10-82 ਨੂੰ ਵੰਡਿਆ ਸੀ। ਇਹੋ ਅਸੀਂ ਆਪ ਨੂੰ ਭੇਜ ਰਹੇ ਹਾਂ। ਇਹ ਲੀਫਲੈਟ ਇਸੇ ਕਾਰਨ ਹੀ ਸਿਧੇ ਰੂਪ 'ਚ ਟੂਰਨਾਮੈਂਟ ਵੇਖਣ ਆਏ ਟੀਚਰਾਂ ਨੂੰ ਸੰਬੋਧਤ ਹੈ।

—ਤਰਲੋਚਨ ਸਿੰਘ ਤੇ ਹੋਰ ਸਾਥੀ ਟੀਚਰ

## ਸਹੂਲਤਾਂ ਤੋਂ ਵਿਰਵੀਆਂ ਪ੍ਰਾਇਮਰੀ ਸਕੂਲ ਖੇਡਾਂ ਕਿੰਨੀਆਂ ਅਣਗੌਲੀਆਂ

ਅਫਸਰ ਰਚਕੇ ਖੇਡ ਪਖੰਡ—ਛਕਦੇ ਨੇ ਬੱਚਿਆਂ ਦੇ ਫੰਡ

ਬੱਚਿਆਂ ਦੀਆਂ ਖੇਡਾਂ ਵਿਚ ਦਿਲਚਸਪੀ ਰੱਖਣ ਵਾਲੇ ਪਿਆਰੇ ਵੀਰ ਤੇ ਭੈਣ ਜੀ,

ਤੁਹਾਡੇ ਬੱਚੇ ਸੈਂਟਰਾਂ ਤੋਂ ਬਾਅਦ ਬਲਾਕ, ਬਲਾਕ ਤੋਂ ਬਾਅਦ ਜ਼ੋਨ, ਇਸ ਪਿਛੋਂ ਕਈ ਜ਼ਿਲਿਆਂ 'ਚ ਜ਼ਿਲਾ ਜਿੱਤਣ ਤੋਂ ਬਾਅਦ ਇਥੋਂ ਤਕ ਪੁਜੇ ਹਨ। ਸਕੂਲ ਵਿਚ ਟੀਮਾਂ ਦੀ ਤਿਆਰੀ ਤੋਂ ਲੈ ਕੇ ਪੰਜਾਬ 'ਚ ਪਹੁੰਚਣ ਦਾ ਤੁਹਾਡਾ ਸਫਰ, ਚੜ੍ਹਦੇ ਸੂਰਜ ਸਮਸਿਆਵਾਂ ਨਾਲ ਦੋ ਦੋ ਹੱਥ ਕਰਨ ਦਾ ਸਫਰ ਹੈ।

ਖੇਡਾਂ ਤੇ ਹੋਣ ਵਾਲਾ ਖਰਚ ਆਦਿ ਹੋਇਆ ਕਰਦੈ ਖੇਡਾਂ ਦੇ ਫੰਡ ਸਪੋਰਟਸ ਫੰਡ ਚੋਂ। ਪਰ ਜਨਾਬ! ਸਪੋਰਟਸ ਫੰਡ ਦਾ 75% ਤਾਂ ਉਤੇ (ਪਤਾ ਨਹੀਂ ਕਿਥੇ) ਚਲਾ ਜਾਂਦਾ ਹੈ। ਖੇਡਾਂ ਦੇ ਪ੍ਰੇਮੀ ਹਰ ਅਧਿਆਪਕ ਦਾ ਮਨ ਦੁਖੀ ਤਾਂ ਉਦੋਂ ਜ਼ਰੂਰ ਹੁੰਦਾ ਹੈ। ਸਕੂਲ ਵਿਚ ਬੈਠ ਕੇ ਉਪਰਲਿਆਂ ਨੂੰ ਮਾੜਾ ਚੰਗਾ ਬੋਲ ਕੇ ਆਖਰ ਰਿਝਦੇ ਖਿਝਦੇ 75% ਬੀ. ਪੀ. ਈ. ਓ. ਦਫਤਰ ਜਮਾਂ ਕਰਵਾ ਹੀ ਦਿੰਦੇ ਹੋ। ਪਰ ਸੋਚਿਐ ਕਦੀ ?...ਪੰਜਾਬ ਵਿਚ 12188 ਪਿੰਡ ਹਨ ਜੇ ਇਕ ਪਿੰਡ ਦੇ ਪ੍ਰਾਇਮਰੀ 'ਚ ਔਸਤਨ 50 ਬੱਚੇ ਪੜ੍ਹਦੇ ਮੰਨ ਲਈਏ ਤਾਂ ਸਕੂਲਾਂ 'ਚ ਬਚਦਾ 25% ਕੱਢ ਕੇ ਵੀ ਸ਼ੁਧ ਰਕਮ ਚਾਰ ਲੱਖ

ਸਤਵੰਜਾ ਹਜ਼ਾਰ ਪੰਜਾਹ ਰੁਪਏ (457050/-) ਉਪਰ ਚਲੀ ਜਾਂਦੀ ਹੈ। ਇਹਦੇ ਚੋਂ ਮੁੜਦੀ ਕਿੰਨੀ ਐ ਭਲਾ ?

500 ਰੁਪਏ ਪ੍ਰਤੀ ਬਲਾਕ—ਟੂਰਨਾਮੈਂਟ ਲਈ ਕੁਲ ਰਕਮ 216 ਬਲਾਕਾਂ ਦੀ 216 × 500 = 108000 ਜਾਂ ਇਕ ਲੱਖ ਅੱਠ ਹਜ਼ਾਰ (ਇਹ ਰਕਮ ਛੋਟੇ ਅਫਸਰਾਂ ਦਾ ਚੋਗਾ ਹੈ—ਖੇਡਾਂ ਤੇ ਤਾਂ ਅਣਸਰਦੇ ਨੂੰ ਵੀਹ ਪੰਜਾਹ ਲਾ ਦੇਣਗੇ) ਫਿਰ ਵੀ ਬਾਕੀ ਤਿੰਨ ਲੱਖ ਉਨੰਜਾ ਹਜਾਰ ਰੁਪਏ (349050/-) ਕਿਧਰ ਗਏ ? ਬੱਚਿਆਂ ਦੀ ਨਿਰਮਲ ਆਤਮਾ ਕੂਕ ਕਰਕੇ ਕਹਿ ਰਹੀ ਹੈ-'ਸਾਥੋਂ ਉਗਰਾਹੇ ਇਕ ਇੱਕ ਰੁਪਏ ਤੇ ਵੀ ਠੂੰਗੇ ਨਾ ਮਾਰੀ ਜਾਉ ਜੇ ਥੋਤੋਂ ਹੋਰ ਨੀ ਸਰਦਾ ਘੱਟੋ ਘੱਟ ਸਾਡੇ ਪੈਸੇ ਤਾਂ ਸਾਡੇ ਤੇ ਲਾਦੋ।

ਗਰਾਊਂਡਾਂ ਦੀ ਗੱਲ ਲੈ ਲਉ—ਕੁਝ ਗਿਣਤੀ ਦੇ ਸਕੂਲ ਛੱਡਕੇ ਬਾਕੀ ਸਾਰਿਆਂ ਦੀ ਇਹ ਸਮੱਸਿਆ ਹੈ। ਖੋ-ਖੋ ਖਿਡਾਉਣ ਲਈ ਗਰਾਊਂਡ ਬਣਾਉਣਾ ਹੋਵੇ। ਸਕੂਲ ਦਾ ਵਿਹੜਾ ਹੈ 15 ਮੀਟਰ × 9 ਮੀਟਰ। ਬਣਾ ਲੋ ਗਰਾਊਂਡ ! ਫਿਰ ਆਪਾਂ ਢੰਗ ਲੱਭਦੇ ਹਾਂ, ਮਧਰਾ ਜਿਹਾ ਗਰਾਊਂਡ ਬਣਾਉਂਦੇ ਹਾਂ—ਬੌਨੇ ਗਰਾਊਂਡ 'ਚ ਬੱਚੇ ਖੇਡਦੇ ਹਨ—ਜਦੋਂ ਪੂਰੇ ਗਰਾਊਂਡ 'ਚ ਖੇਡਣਾ ਪੈਂਦੇ ਹੈ ਫਿਰ ਫਾਊਲ ਤੇ ਫਾਊਲ।

ਐਤਕੀ ਹੁਕਮ ਆਇਆ ਸੀ ਕਿ ਰੇਸਾਂ ਟਰੈਕ 'ਚ ਹੀ ਹੋਣਗੀਆਂ—ਕਈ ਮੇਰੇ ਅਰਗੇ ਮੰਗਵਾਕੇ ਗਵਾਂਡੀ ਰਾਜ ਮਿਸਤਰੀ ਦਿਉਂ ਫੀਤਾ ਲੱਗੇ ਹੋਣਗੇ ਟਰੈਕ ਮਾਰਕ ਕਰਨ। ਸਰਤ ਐਨ ਥਾਉਂ ਸਿਰ ਆ ਗਈ ਹੋਊ। ਜਦੋਂ ਫੀਤੇ ਤੇ ਦਸਿਆ ਕਿ ਟਰੈਕ ਲਈ ਤਾਂ ਦੋ ਤਿੰਨ ਕੰਧਾਂ ਕੰਧੋਲੀਆਂ ਢਾਉਣ ਤੋਂ ਇਲਾਵਾ ਵਿਚਾਰੇ ਮਿਸਤਰੀ ਦੀ ਬੈਠਕ ਦਾ ਇਕ ਖਣ ਵੀ ਢਾਉਣਾ ਪਊ...। ਮੁਸਕਰਾਂ ਨਾ ਮੇਰੇ ਵੀਰ, ਗੱਲ ਵਿਚ ਛੁਪੀ ਅਸਲੀਅਤ ਉਸਦੇ ਅਰਥਾਂ ਨੂੰ ਸਮਝ।

ਪਿਛੇ ਜਿਹੇ ਸਰਕਾਰ ਨੇ ਹਰ ਬਲਾਕ 'ਚ ਐਨ. ਡੀ. ਐਸ. ਆਈ. ਨੂੰ ਸਪੋਰਟਸ ਇੰਚਾਰਜ ਲਾਇਐ। ਕੁਝ ਮਿਹਨਤੀ ਸਪੋਰਟਸ ਇੰਚਾਰਜਾਂ ਨੂੰ ਛੱਡ ਕੇ ਬਹੁਤਿਆਂ ਦਾ ਤਾਂ 'on duty' ਧਾਨਾਂ ਵਾਲੇ ਖੇਤ "ਚ" ਕਰਵਾਇਆ ਹੁੰਦੇ। ਉਂ ਵੀ ਦਫਤਰੋਂ ਘਰ-ਘਰੋਂ ਦਫਤਰ। ਐਨੇ ਪੀ. ਟੀ. ਆਈ. ਵਿਹਲੇ ਤੁਰੇ ਫਿਰਦੇ ਨੇ, ਬਣਦਾ ਇਹ ਹੈ ਕਿ ਸੈਂਟਰ ਪੱਧਰ ਤੇ ਇਕ ਪੀ. ਟੀ. ਆਈ. ਦੀ ਪੋਸਟ ਦਿਤੀ ਜਾਵੇ। ਨਾਲੇ ਬੇਰੁਜ਼ਗਾਰੀ ਹੱਲ ਨਾਲੇ ਅਗਲਾ ਸੀਮਤ ਦਾਇਰੇ 'ਚ ਧਿਆਨ ਵੀ ਦੇ ਸਕੂ।

ਚਲੋ ਜੀ, ਜਿਵੇਂ ਕਿਵੇਂ ਔਖੇ ਸੌਖੇ ਟੀਮ ਤਿਆਰ ਕਰ ਕੇ ਤੁਸੀਂ ਸੈਂਟਰ ਜਾਂ ਬਲਾਕ 'ਚ ਆਉਂਦੇ ਹੋ। ਸਕੂਲਾਂ 'ਚ ਫੰਡ ਹੈ ਨਹੀਂ—ਬੱਚਿਆਂ ਤੇ ਹੋਣ ਵਾਲਾ ਖਰਚ ਕਿਥੋਂ ਕਰੋਗੇ। ਰੀਫਰੈਸ਼ਮੈਂਟ ਕਿਥੋਂ ਦਿਓਗੇ। .....

ਤੁਹਾਡੇ ਬੱਚੇ ਵਧੀਆ ਟਰੇਂਡ ਕੀਤੇ ਸਨ ਤਾਹੀਉਂ ਤਾਂ ਬਲਾਕ 'ਚੋਂ ਜਿਤੇ ਹਨ—ਪਰ ਇਹਨਾਂ ਦੇ ਇਨਾਮ ਕਿਥੇ ਹਨ ? 500 ਰੁਪਿਆ ਮਿਲਿਆ ਸੀ ਕਿਥੇ ਹੈ ? ਬੀ. ਪੀ. ਈ. ਓ. ਦੇ ਬੈਗ 'ਚ ਹੈ। ਸਰਕਾਰੀ ਹਦਾਇਤ ਹੈ ਕਿ ਇਹ ਸਿਰਫ ਰੱਸੀ, ਚੂਨਾ, ਸਰਟੀਫਿਕੇਟ, ਇਨਾਮ, ਰੈਫਰੀਆਂ, ਦੀ ਰੀਫ਼ਰੈਸ਼ਮੈਂਟ ਤੇ ਹੀ ਖਰਚ ਕੀਤਾ ਜਾ ਸਕਦਾ ਹੈ। ਤੁਸੀਂ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਹੋ ਭਲਾ ਕਿੰਨੇ ਕੁ ਬਲਾਕਾਂ 'ਚ ਸਰਟੀਫਿਕੇਟ ਤੇ ਇਨਾਮ ਦਿਤੇ ? ਅਕਸਰ ਤਾਂ ਇਹ ਰਕਮ ਬਹੁਤੇ ਬਲਾਕਾਂ 'ਚ ਖੁਰਦ ਬੁਰਦ ਹੀ ਕੀਤੀ ਜਾਂਦੀ ਹੈ। ਮਾਛੀਵਾੜੇ ਵਰਗੇ ਕੁਛ ਬਲਾਕ ਹੋਣਗੇ ਨਹੀਂ ਤਾਂ ਬਾਕੀ ਬਹੁਤਿਆਂ 'ਚ ਤਾਂ ਖਿਡਾਰੀ ਵਿਚਾਰੇ ਸੁਕੇ ਹੱਡ ਰਗੜਾ ਕੇ ਮੁੜੇ ਹਨ। ਬਚਿਆਂ ਨਾਲ ਜਾਂ ਉਹਨਾਂ ਦੀਆਂ ਖੇਡਾਂ ਨਾਲ ਭਾਵੇਂ ਸਾਡੇ ਅਫਸਰਾਂ ਨੂੰ ਪਿਆਰ ਹੋਵੇ ਭਾਵੇਂ ਨਾ, ਪਰ ਇਨਾਮਾਂ ਨਾਲ ਬਹੁਤਾ ਹੀ ਮੋਹ ਹੈ...ਲੁਧਿਆਣੇ ਜ਼ਿਲੇ 'ਚੋਂ ਪਿਛਲੇ ਸਾਲ ਜੇਤੂ ਰਹੀ ਕਬੱਡੀ ਟੀਮ ਦੀ ਟਰਾਫੀ ਵਾਰ ਵਾਰ ਮੰਗਣ (ਅਧਿ: ਵਲੋਂ ਵੀ ਤੇ ਜਥੇਬੰਦੀਆਂ ਵਲੋਂ ਵੀ) ਦੇ ਬਾਵਜੂਦ ਅਜੇ ਤਕ ਨਹੀਂ ਦਿਤੀ ਗਈ। ਕੀ ਕਿਤੇ ਗੁੰਮ ਹੋ ਗਈ—ਨਹੀਂ ਮਹਾਰਾਜ ! ਉਹ ਤਾਂ ਉਦੋਂ ਹੀ ਕਿਸੇ ਉੱਚ ਅਫਸਰ ਦੇ ਘਰ ਦੀ ਅੰਗੀਠੀ ਤੇ ਸ਼ਸ਼ੋਭਤ ਹੋ ਗਈ। ਐਤਕੀਂ ਸਾਡੇ ਜ਼ਿਲੇ 'ਚੋਂ ਇਹ ਟੰਟਾ ਹੀ ਮੁਕਾ ਦਿਤਾ, ਜ਼ਿਲੇ ਦਾ ਟੂਰਨਾਮੈਂਟ ਹੀ ਨਹੀਂ ਕਰਵਾਇਆ।

ਤੇ ਹੁਣ ਤੁਸੀਂ ਸੈਂਟਰ, ਬਲਾਕ ਜ਼ੋਨਾ ਜ਼ਿਲੇ ਦੇ ਰਾਮ ਰੌਲਿਆਂ ਤੋਂ ਪਰਾਂ-ਪੰਜਾਬ ਟੂਰਨਾਮੈਂਟ ਵਿਚ ਘਰਾਂ ਤੋਂ ਕਿੰਨੀ-2 ਦੂਰ (ਬੱਚਿਆਂ ਭਾਵੇਂ ਤਾਂ ਪਰਦੇਸ 'ਚ) ਲੁਧਿਆਣੇ ਆਏ ਹੋ। ਸੁਣਤੋ ਸੁਣਤੀ ਮਨ 'ਚ ਇਹ ਆਸ ਜਿਹੀ ਵੀ ਬਣੀ ਹੋਊ। ਕਿ ਉਥੇ ਪ੍ਰਬੰਧ ਚੰਗਾ ਹੋਊ। ਪਰ ਮਿਤੀ 14-40-82 ਨੂੰ ਕੱਲ ਤੁਹਾਡੇ ਕੁਮੈਂਟ ਸੁਣਕੇ ਤੇ ਪ੍ਰਬੰਧ ਦੀ ਮਾੜੀ ਹਾਲਤ ਤੱਕ ਕੇ ਇਹ ਮਹਿਸੂਸ ਹੁੰਦਾ ਸੀ ਕਿ ਹੇਠਾਂ ਤੋਂ ਉਪਰ ਤੱਕ ਰਾਜ ਭਾਗ ਦਾ ਸਾਰਾ ਹੀ ਆਵਾ ਊਤਿਆ ਹੋਇਆ ਹੈ। ਏਸ਼ਿਆਈ ਖੇਡਾਂ ਤੇ 1100 ਕਰੋੜ ਰੁ: ਖਰਚ ਕਰਨ ਵਾਲੀ ਸਰਕਾਰ ਤੋਂ ਅਸੀਂ ਪੁੱਛਦੇ ਹਾਂ ਕਿ ਜਿਸ ਦੇਸ਼ ਵਿਚ ਪ੍ਰਾਇਮਰੀ ਖੇਡਾਂ ਦਾ ਆਹ ਹਾਲ ਹੋਵੇ ਉਸ ਦੇਸ਼ ਦੀ ਖੇਡ ਤਰੱਕੀ ਕਿਵੇਂ ਕਰਲੂ ? ਜੇ ਨੀਂਹ ਕਮਜ਼ੋਰ ਹੋਵੇ ਤਾਂ ਮਕਾਨ ਤੇ ਕੀਤੀ ਸਫੈਦੀ ਕੀ ਕੰਮ ?

ਪਿਆਰੇ ਵੀਰੋ ਤੇ ਭੈਣੋਂ, ਆਪਣੇ ਦੇਸ਼ ਦੀ ਅਫਸਰਸ਼ਾਹੀ ਭ੍ਰਿਸ਼ਟ ਹੈ—ਇਸ ਤੇ ਵਿਸ਼ਵਾਸ਼ ਨਾ ਕਰਿਉ। ਆਪਣੀਆਂ ਕਮੇਟੀਆਂ ਬਣਾਕੇ ਇਕ ਇਕ ਪੈਸੇ ਦੀ ਠੀਕ ਵਰਤੋਂ ਕਰੋ-ਅਫਸਰਾਂ ਨੂੰ ਬੁਕਲ 'ਚ ਗੁੜ ਨਾ ਭੰਨਣ ਦਿਓ।

ਤਰਲੋਚਨ ਸਿੰਘ—ਸਰਬਣ ਕੁਮਾਰ—ਨਛੱਤਰ ਰਾਮ—
ਮੁਖਤਿਆਰ ਸਿੰਘ
ਟੀਚਰਜ਼ ਬਲਾਕ, ਮਾਛੀਵਾੜਾ।

## ਲੋਕ ਤੁਰਦੇ ਹਨ (3)

ਸਰਕਾਰੀ ਅਦਾਰਿਆਂ ਵਿਚ ਨੌਕਰੀ ਕਰਦਿਆਂ ਕਈ ਬਾਜ਼ਮੀਰ ਲੋਕਾਂ ਨੂੰ ਉਤਲੇ ਅਧਿਕਾਰੀਆਂ ਨਾਲ ਟੱਕਰ ਲੈਣੀ ਪੈਂਦੀ ਹੈ। ਇਹੋ ਜਿਹੇ ਲੋਕਾਂ ਵਿਰੁਧ ਅਧਿਕਾਰੀਆਂ ਵਲੋਂ ਜਿਥੇ ਹੋਰ ਹਥਿਆਰ ਵਰਤੇ ਜਾਂਦੇ ਹਨ, ਉਥੇ ਇਕ ਹਥਿਆਰ ਹੈ ਕਿ ਬਾਜ਼ਮੀਰ ਵਿਅਕਤੀ ਨੂੰ ਪਾਗਲ ਕਰਾਰ ਦੇ ਦੇਵੋ, ਐਮਰਜੈਂਸੀ ਦੇ ਦਰਮਿਆਨ ਅਮ੍ਰਿਤਸਰ ਨਹਿਰ ਦੇ ਮਹਿਕਮੇ ਕਲਾਸ ਫੋਰ ਦੇ ਇਕ ਵਿਅਕਤੀ ਹਰੀ ਸਿੰਘ ਵਿਰੁਧ ਇਹ ਹਥਿਆਰ ਵਰਤਿਆ ਗਿਆ, ਉਹਨੂੰ ਪਾਗਲਖਾਨੇ ਦਾਖਲ ਕਰਵਾਇਆ ਗਿਆ। ਐਮਰਜੈਂਸੀ ਵਿਚ ਹੋਈਆਂ ਜ਼ਿਆਦਤੀਆਂ ਦੀ ਪੜਤਾਲ ਕਰਨ ਵਾਲੇ ਕਮਿਸ਼ਨ ਸਾਹਮਣੇ ਉਹਦਾ ਕੇਸ ਆਇਆ ਸੀ, ਹਰੀ ਸਿੰਘ ਨੇ ਹਾਈ ਕੋਰਟ ਵਿਚ ਪਾਗਲ ਖਾਨੇ ਦੇ ਡਾਕਟਰ ਅਤੇ ਡਿਪਟੀ ਕਮਿਸ਼ਨਰ ਵਿਰੁਧ ਸਫਲ ਮੁਕਦਮਾ ਦਾਇਰ ਕੀਤਾ ਤੇ ਹਰਜਾਨੇ ਦੀ ਮੰਗ ਕੀਤੀ। ਏਅਰ ਫੋਰਸ ਦੇ ਇਕ ਕਰਮਚਾਰੀ ਨਾਲ ਵੀ ਇਹੋ ਸਲੂਕ ਕੀਤਾ ਗਿਆ। ਉਹ ਅਫਸਰਾਂ ਦੇ ਭ੍ਰਿਸ਼ਟਾਚਾਰ ਨੂੰ ਨੰਗਾ ਕਰਦਾ ਸੀ। ਉਸ ਨੂੰ ਦਿਮਾਗੀ ਮਰੀਜ਼ ਕਰਾਰ ਦੇ ਕੇ ਜੱਬਰੀ ਰੀਟਾਇਰ ਕੀਤਾ ਗਿਆ। ਉਹਨੇ ਸੁਪਰੀਮ ਕੋਰਟ ਵਿਚ ਮੁਕਦਮਾ ਦਾਇਰ ਕੀਤਾ ਅਤੇ ਮਹਿਕਮੇ ਕੋਲੋਂ ਹਰਜਾਨਾ ਲੈਣ ਵਿਚ ਕਾਮਯਾਬ ਹੋ ਗਿਆ। ਥਲੇ ਇਕ ਬਿਹਾਰ ਦੇ ਪੁਲਸ ਸਿਪਾਹੀ ਬਾਰੇ ਰੀਪੋਰਟ ਦਿਤੀ ਜਾ ਰਹੀ ਹੈ, ਜੋ ਸਾਨੂੰ ਗੁਰਸ਼ਰਨ ਸੇਖੋਂ ਨੇ ਇਕ ਹਿੰਦੀ ਮੈਗਜ਼ੀਨ ਤੋਂ ਅਨੁਵਾਦ ਕਰਕੇ ਭੇਜੀ ਹੈ।

## ਇਕ ਮਨੁੱਖੀ ਭਾਵਨਾਵਾਂ ਵਾਲਾ ਪੁਲਸੀਆ

ਬਿਹਾਰ ਦੀ ਪੁਲਸ ਵਿਚ ਇਕ ਅਨੋਖਾ ਸਿਪਾਹੀ ਹੈ, ਜਿਸਦਾ ਨਾਮ ਹੈ ਮੁਕੰਦ ਰਾਏ। ਮਨੁੱਖੀ ਭਾਵਨਾਵਾਂ ਨਾਲ ਭਰਪੂਰ ਇਹ ਪੁਲਸੀਆ ਇਮਾਨਦਾਰੀ ਅਤੇ ਨਿਯਮ ਦੇ ਮੁਤਾਬਿਕ ਕੰਮ ਕਰਨ ਦੀ ਧੁੰਨ ਵਿਚ ਮਸਤ-ਮਲੰਗ ਹੁਣ ਤੱਕ ਤਿੰਨ ਪੁਲਸ ਕਪਤਾਨਾ, ਇਕ ਡਿਪਟੀ ਪੁਲਸ ਕਪਤਾਨ, ਇਕ ਇੰਸਪੈਕਟਰ ਅਤੇ ਇਕ ਠਾਣੇਦਾਰ ਦਾ ਮੁਕਾਬਲਾ ਕਰ ਚੁੱਕਾ ਹੈ। ਮੁਕਾਬਲਾ ਲਫਜ਼ ਏਥੇ ਅਜੀਬ ਜਿਹਾ ਲਗਦਾ ਹੈ, ਪਰ ਹੇਠਲੀ ਰੀਪੋਰਟ ਪੜ੍ਹਕੇ ਸੱਚ ਲਗੇਗਾ।

ਪਿਛਲੇ 29 ਸਾਲਾਂ ਤੋਂ ਉਸਨੇ ਕਿਸੇ ਠਾਣੇ ਵਿਚ ਨਿਯੁਕਤੀ ਸਵੀਕਾਰ ਨਹੀਂ ਕੀਤੀ, ਕਿਉਂਕਿ ਠਾਣੇ ਵਿਚ ਕੰਮ ਕਰਨ ਦਾ ਮਤਲਬ ਹੈ ਭ੍ਰਿਸ਼ਟਾਚਾਰ ਵਿਚ ਭਾਗੀਦਾਰ ਬਣਨਾ। ਮੁਕੰਦ ਰਾਏ ਨਾਮ ਦੇ ਉਸ ਅਨੋਖੇ ਕਾਂਸਟੇਬਲ ਨੇ ਗਲਤ ਆਦੇਸ਼ਾਂ ਦੇ ਖਿਲਾਫ ਵਰਤ ਰੱਖਕੇ ਪਿਛਲੇ ਮਹੀਨੇ ਪਟਨਾ ਵਿਚ ਪੁਲਸ-ਵਿਦਰੋਹ ਦੀ ਸਥਿਤੀ ਪੈਦਾ ਕਰ ਦਿਤੀ ਸੀ। ਉਹ ਹੁਣ ਵੀ ਵੱਡੇ ਪੁਲਸ ਅਧਿਕਾ-ਰੀਆਂ ਦੇ ਮਿਲੇ ਜੁਲੇ ਹਮਲੇ ਦਾ ਮੁਕਾਬਲਾ ਕਰ ਰਿਹਾ ਹੈ, ਜੋ ਉਸਨੂੰ ਮਾਨਸਿਕ ਤੌਰ ਤੇ ਅਸੰਤੁਲਿਤ' ਦੀ ਘੋਸ਼ਣਾ ਕਰਨ ਦੀ ਸਾਜ਼ਿਸ਼ ਰਚ ਰਹੇ ਹਨ। ਉਸਦਾ ਅਪਰਾਧ ਸਿਰਫ ਇਹ ਹੈ ਕਿ ਉਸਨੇ ਨਿਯਮ ਦੇ ਅਨੁਸਾਰ ਕੰਮ ਕਰਨ ਅਤੇ ਪੁਲਸ ਦੁਆਰਾ ਅਨਿਆਂ ਤੇ ਕਰੂਰਤਾਂ ਵਰਤੇ ਜਾਣ ਦਾ ਵਿਰੋਧ ਕੀਤਾ।

ਇਹ ਮਹਿਜ਼ ਇਕ ਇਤਫ਼ਾਕ ਹੈ ਕਿ ਮੁਕੰਦ ਰਾਏ ਦਾ ਪਿੰਡ ਮਹੇਸ਼ਪੁਰ, ਪੁਲਸ ਜ਼ਿਆਦਤੀ ਦੇ ਲਈ ਮਸ਼ਹੂਰੀ ਪਾ ਚੁੱਕੇ ਭਾਗਲਪੁਰ ਜ਼ਿਲੇ ਵਿਚ ਹੈ, ਲੇਕਿਨ ਖੁਦ ਸ੍ਰੀ ਰਾਏ ਜ਼ਿਆਦਤੀਆਂ ਦੇ ਖਿਲਾਫ ਇਕ ਲੰਮੀ ਲੜਾਈ ਲੜ ਰਿਹਾ ਹੈ। ਪਿਛਲੇ ਮਹੀਨੇ ਪਟਨਾ ਪੁਲਸ ਲਾਈਨ ਵਿਚ ਵਿਦਰੋਹ ਦੀ ਨੌਬਤ ਪਟਨਾ ਦੇ ਐਸ. ਐਸ. ਪੀ. ਰਾਮਚੰਦਰ ਖਾਂ ਦੁਆਰਾ ਮੁਕੰਦ ਰਾਏ ਨਾਲ ਕੀਤੀ ਗਈ ਬਦਸਲੂਕੀ ਕਾਰਨ ਪੈਦਾ ਹੋਈ ਸੀ। ਸ੍ਰੀ ਰਾਏ ਐਸ. ਐਸ. ਪੀ ਕੋਲ ਨਿਆਂ ਪ੍ਰਾਪਤ ਕਰਨ ਦੀ ਉਮੀਦ ਨਾਲ ਗਿਆ ਸੀ, ਲੇਕਿਨ ਉਹਨੂੰ ਉਥੇ ਨਿਰਾਸ਼ਾ ਹੀ ਪ੍ਰਾਪਤ ਹੋਈ। ਇਹ ਵਾਕਿਆ 20 ਸ਼ਤੰਬਰ ਦਾ ਹੈ। ਉਸ ਦਿਨ ਸ੍ਰੀ ਰਾਏ ਐਸ. ਐਸ. ਪੀ. ਪਾਸ ਇਹ ਸ਼ਿਕਾ-ਇਤ ਲੈ ਕੇ ਗਿਆ ਸੀ ਕਿ ਉਸਦੇ ਨਾਲ ਅਨਿਆਂ ਹੋ ਰਿਹਾ ਹੈ। ਲੇਕਿਨ ਸ੍ਰੀ ਖਾਂ ਨੇ ਧੀਰਜ ਨਾਲ ਉਸਦੀ ਪੂਰੀ ਗੱਲ ਸੁਣਨ ਦੇ ਬਜਾਇ ਉਹਨੂੰ ਫਿਟਕਾਰਨਾ ਸ਼ੁਰੂ ਕਰ ਦਿਤਾ ਤਾਂ ਕਿ ਸ੍ਰੀ ਰਾਏ ਦੀ ਹੌਸਲਾ-ਸ਼ਿਕਨੀ ਹੋਵੇ। ਪਰ ਉਹ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਹੈ ਕਿ ਡਰ ਉਸ ਤੋਂ ਕਈ ਕਰਮਾਂ ਪਰੇ ਦੀ ਲੰਘਦਾ ਹੈ। ਮੁਕੰਦ ਰਾਏ ਨੇ ਐਸ. ਐਸ. ਪੀ. ਦਾ ਧਿਆਨ ਪੁਲਸ ਮੈਨੂਅਲ ਦੀਆਂ ਧਾਰਾਵਾਂ ਅਤੇ ਬਾਕੀ ਕਾਨੂੰਨਾਂ ਵਲ ਖਿਚਣਾ ਚਾਹਿਆ। ਇਕ ਅਦਨੇ ਕਾਂਸਟੇਬਲ ਦੀ ਇਹ ਹਿਮਾਕਤ ਕਿ ਉਹ ਐਸ. ਐਸ. ਪੀ. ਨੂੰ ਕਾਨੂੰਨ ਸਿਖਾਏ, ਸ੍ਰੀ ਖਾਂ ਨੇ ਮੁਕੰਦ ਰਾਏ ਦੇ ਸਾਹਸ ਤੋਂ ਚਿੜ ਕੇ ਉਸਨੂੰ ਦਸ ਦਿਨਾਂ ਤਕ ਕੁਆਟਰ ਗਾਰਦ ਵਿਚ ਕੈਦ ਰਖਣ ਦਾ ਫੁਰਮਾਨ ਜਾਰੀ ਕੀਤਾ।

ਬਹਿਰਹਾਲ, ਪਟਨਾ ਦੇ ਐਸ. ਐਸ. ਪੀ. ਦੁਆਰਾ

ਉਪਰੋਕਤ ਹੁਕਮ ਸੁਣਾਏ ਜਾਣ ਤੇ ਮੁਕੰਦ ਰਾਏ ਨੇ ਉਸ ਨੂੰ ਕਿਹਾ, 'ਮਾਫ ਕੀਜੀਏ, ਅੰਗਰੇਜ਼ੀ ਰਾਜ ਖਤਮ ਹੋ ਚੁੱਕਾ ਹੈ।'

ਪੁਲਸ ਲਾਈਨ ਵਿਚ ਆ ਕੇ ਮੁਕੰਦ ਰਾਏ ਨੇ ਘੋਸ਼ਣਾ ਕੀਤੀ ਕਿ ਉਹ ਅਨਿਆ ਅਤੇ ਗਲਤ ਆਦੇਸ਼ਾਂ ਦੇ ਵਿਰੁੱਧ ਵਰਤ ਰੱਖੇਗਾ। ਉਸਨੇ ਕਿਹਾ ਜਦੋਂ ਤਕ ਉਸਦੀਆਂ ਮੰਗਾਂ ਪੂਰੀਆਂ ਨਹੀਂ ਹੋਣਗੀਆਂ, ਉਹ ਆਪਣਾ ਵਰਤ ਨਹੀਂ ਤੋੜੇਗਾ। ਮੁਕੰਦ ਰਾਏ ਨੂੰ ਕੁਆਟਰ ਗਾਰਦ ਵਿਚ ਰੱਖੇ ਜਾਣ ਅਤੇ ਉਸ ਵਲੋਂ ਵਰਤ ਰੱਖੇ ਜਾਣ ਦੇ ਫੈਸਲੇ ਦੀ ਖਬਰ ਮਿਲਣ 'ਤੇ ਸੈਂਕੜੇ ਪੁਲਸ ਕਰਮਚਾਰੀ ਜਮ੍ਹਾ ਹੋ ਗਏ ਅਤੇ ਕਿਤੋਂ ਇਕ ਲਾਊਡ ਸਪੀਕਰ ਦਾ ਪ੍ਰਬੰਧ ਕਰਕੇ ਉਨ੍ਹਾਂ ਨੇ ਅਫਸਰਸ਼ਾਹੀ ਅਤੇ ਐਸ. ਐਸ. ਪੀ. ਦੇ ਵਿਰੁਧ ਨਾਹਰੇ ਲਾਉਣੇ ਸ਼ੁਰੂ ਕਰ ਦਿਤੇ। ਦਰਅਸਲ ਮੁਕੰਦ ਰਾਏ ਨੂੰ ਉਸ ਦੇ ਸਹਿਕਰਮੀ ਸੰਤਾਂ ਵਰਗਾ ਆਦਰ ਦਿੰਦੇ ਹਨ। ਅਜਿਹੇ ਵਿਅਕਤੀ ਨੂੰ ਸਜ਼ਾ ਸੁਣਾਏ ਜਾਣ ਕਾਰਨ ਪੁਲਸ ਕਰਮਚਾਰੀਆਂ ਵਿਚਕਾਰ ਫੈਲੀ ਉਤੇਜਨਾ ਦੀ ਖਬਰ ਨਾਲ ਪੂਰਾ ਪ੍ਰਸ਼ਾਸਨ ਘਬਰਾ ਗਿਆ। ਇਥੋਂ ਤਕ ਕਿ ਐਸ. ਐਸ. ਪੀ. ਦੌੜਿਆ ਦੌੜਿਆ ਆਇਆ ਅਤੇ ਕਰੀਬ ਡੇਢ ਘੰਟੇ ਤਕ ਬਾਤਚੀਤ ਕਰਕੇ ਉਸ ਨੇ ਕਾਂਸਟੇਬਲਾਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਉਹ ਪੁਲਸ ਲਾਈਨ ਦੇ ਉਸ ਸਥਾਨ ਤੇ ਵੀ ਗਏ ਜਿਥੇ ਮੁਕੰਦ ਰਾਏ ਨੂੰ ਰਖਿਆ ਹੋਇਆ ਸੀ। ਐਸ. ਐਸ. ਪੀ. ਨੇ ਸ੍ਰੀ ਰਾਏ ਨੂੰ ਵਰਤ ਤੋੜਨ ਲਈ ਕਿਹਾ ਅਤੇ ਵਾਅਦਾ ਕੀਤਾ ਕਿ ਉਹ ਦੁਬਾਰਾ ਅਗਲੇ ਦਿਨ ਸਵੇਰੇ ਹੀ ਪੁਲਸ ਲਾਈਨ ਆਉਣਗੇ ਤੇ ਸ੍ਰੀ ਰਾਏ ਦੀਆਂ ਮੰਗਾਂ ਉਤੇ ਹਮਦਰਦੀ ਪੂਰਬਕ ਵਿਚਾਰ ਕਰਨਾ ਨਿਰਣਾ ਦੇਣਗੇ। ਲੇਕਿਨ 21 ਸਤੰਬਰ ਦੀ ਸਵੇਰ ਦੀ ਗੱਲ ਤਾਂ ਦੂਰ ਸ਼ਾਮ ਤੀਕ, ਨਾ ਮੁਕੰਦ ਰਾਏ ਨੂੰ ਰਿਹਾ ਕੀਤਾ ਗਿਆ ਅਤੇ ਨਾ ਹੀ ਉਸ ਦੀਆਂ ਮੰਗਾਂ ਉਤੇ ਕੋਈ ਫੈਸਲਾ ਕੀਤਾ ਗਿਆ। ਇਸ ਕਾਰਨ ਪੁਲਸ ਲਾਈਨ ਵਿਚ ਤਣਾਉ ਬਣਿਆ ਹੀ ਰਿਹਾ। ਇਸ ਸਥਿਤੀ ਨੂੰ ਦੇਖ ਕੇ ਪਟਨਾ ਡਵੀਜ਼ਨ ਦੇ ਡੀ. ਆਈ. ਜੀ. ਦਿਆਨੰਦ ਸਹਾਇ ਨੇ ਸ਼ਾਮ ਨੂੰ ਕੁਝ ਦੇਰ ਨਾਲ ਮੁਕੰਦ ਰਾਏ ਨੂੰ ਕੁਆਟਰ ਗਾਰਦ ਦੀ ਇਕਾਂਤ ਕੈਦ ਵਿਚੋਂ ਕੱਢ ਕੇ ਪੁਲਸ ਮੈਸ ਵਿਚ ਭੇਜਣ ਦਾ ਆਦੇਸ਼ ਦਿਤਾ। ਪੁਲਸ ਮੈਸ ਨਾਲ ਮੁਕੰਦ ਰਾਏ ਦਾ ਪੁਰਾਣਾ ਸਬੰਧ ਰਿਹਾ ਹੈ। ਕਿਸੇ ਜ਼ਮਾਨੇ ਵਿਚ ਉਹ ਮੈਸ ਦਾ ਸਕੱਤਰ ਸੀ ਅਤੇ ਉਸ ਸਮੇਂ ਵਿਚ ਪੁਲਸ ਕਰਮਚਾਰੀਆਂ ਵਿਚਕਾਰ ਓਸ ਨੇ ਕਾਫੀ ਪ੍ਰਸਿਧੀ ਪ੍ਰਾਪਤ ਕਰ ਲਈ ਕਿਉਂਕਿ ਬਹੁਤ ਥੋੜੀ ਲਾਗਤ ਨਾਲ ਸ਼ੁਰੂ ਕੀਤੀ ਗਈ ਮੈਸ (ਕਨਟੀਨ) ਨੂੰ ਸ੍ਰੀ ਰਾਏ ਦੀਆਂ ਇਮਾਨਦਾਰ ਕੋਸ਼ਿਸ਼ਾਂ ਨਾਲ ਥੋੜੇ ਹੀ ਸਮੇਂ ਵਿਚ ਕਾਫੀ ਮੁਨਾਫਾ ਹੋਣ ਲਗਿਆ ਅਤੇ ਜਦੋਂ ਸ੍ਰੀ ਰਾਏ ਸਕੱਤਰ ਦੇ ਅਹੁਦੇ ਤੋਂ ਹਟੇ ਤਾਂ ਮੈਸ ਵਿਚ ਮੁਨਾਫੇ ਦੇ ਤੌਰ ਤੇ ਕਰੀਬ 28 ਹਜ਼ਾਰ ਰੁਪਈਆ ਜਮਾਂ ਹੋ ਚੁਕਿਆ ਸੀ। 21 ਸਤੰਬਰ ਦੀ ਸ਼ਾਮ ਨੂੰ ਸ੍ਰੀ ਰਾਏ ਆਪਣੀ ਉਹੀ ਕਰਮ-ਭੂਮੀ ਵਿਚ ਦੋ ਪਹਿਰੇਦਾਰਾਂ ਦੀ ਨਿਗਰਾਨੀ ਵਿਚ ਰੱਖੇ ਗਏ।

ਡੀ. ਆਈ. ਜੀ. ਸ੍ਰੀ ਸਹਾਇ ਨੇ ਉਮੀਦ ਕੀਤੀ ਸੀ ਉਸ ਦੀ ਇਸ ਕਾਰਵਾਈ ਨਾਲ ਪੁਲੀਸ ਲਾਈਨ ਵਿਚ ਅਸੰਤੋਸ਼ ਕੁਝ ਘਟੇਗਾ, ਲੇਕਿਨ 25 ਸਤੰਬਰ ਤਕ ਪੁਲਸ ਲਾਈਨ ਵਿਚ ਤਣਾਉ ਬਣਿਆ ਰਿਹਾ ਅਤੇ ਆਖਿਰਕਾਰ ਮੁਖ ਮੰਤਰੀ ਨੇ ਇਸ ਮਾਮਲੇ ਵਿਚ ਦਖਲ ਦਿਤਾ ਅਤੇ ਉਸ ਦੇ ਹੁਕਮ ਉਤੇ 25 ਸਤੰਬਰ ਨੂੰ ਇਹ ਐਲਾਨ ਕੀਤਾ ਗਿਆ ਕਿ ਕਾਂਸਟੇਬਲ ਮੁਕੰਦ ਰਾਏ ਖਿਲਾਫ ਦਿਤਾ ਆਦੇਸ਼ ਰੱਦ ਕੀਤਾ ਜਾਂਦਾ ਹੈ। ਇਸ ਤਰ੍ਹਾਂ ਮੁਕੰਦ ਰਾਏ ਨੂੰ ਰਿਹਾਈ ਮਿਲ ਗਈ, ਲੇਕਿਨ ਪੁਲਸ ਲਾਈਨ ਵਿਚ ਬੇਚੈਨੀ ਪੂਰੀ ਤਰ੍ਹਾਂ ਖਤਮ ਨਹੀਂ ਹੋਈ। ਕਿਉਂਕਿ ਕੁਝ ਵੱਡੇ ਅਧਿਕਾਰੀਆਂ ਵਲੋਂ ਮੁਕੰਦ ਰਾਏ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਦਰਅਸਲ ਸ੍ਰੀ ਰਾਏ ਦੇ ਮਾਮਲੇ ਵਿਚ ਬਿਹਾਰ ਪੁਲਸ ਐਸੋਸੀਏਸ਼ਨ ਵਲੋਂ ਜੋ ਖਤੋ-ਕਿਤਾਬਤ ਕੀਤੀ ਗਈ ਸੀ, ਉਸ ਵਿਚੋਂ ਕਿਸੇ ਇਕ ਵਿਚ ਸ੍ਰੀ ਰਾਏ ਨੂੰ 'ਮਾਨਸਿਕ ਤੌਰ ਤੇ ਪ੍ਰੇਸ਼ਾਨ' ਦੱਸਣ ਦੀ ਜਗ੍ਹਾ ਗਲਤੀ ਨਾਲ 'ਮਾਨਸਿਕ ਤੌਰ ਤੇ ਅਸੰਤੁਲਿਤ' ਲਿਖ ਦਿਤਾ ਗਿਆ ਸੀ। ਇਸ ਗਲਤੀ ਦਾ ਲਾਭ ਉਠਾਉਂਦੇ ਹੋਏ ਐਸ. ਐਸ. ਪੀ. ਨੇ ਮੁਕੰਦ ਰਾਏ ਦੀ ਜਾਂਚ ਪੜਤਾਲ ਲਈ ਸਿਵਲ ਸਰਜਨ ਦੇ ਪੇਸ਼ ਕੀਤਾ। ਸਿਵਲ ਸਰਜਨ ਨੇ 24 ਸਤੰਬਰ ਨੂੰ ਮੁਕੰਦ ਰਾਏ ਨਾਲ ਕਈ ਘੰਟੇ ਗਲਬਾਤ ਕੀਤੀ ਅਤੇ ਉਸ ਦੀ ਜਾਂਚ ਕਰਨ ਤੋਂ ਬਾਅਦ ਇਹ ਸਲਾਹ ਦਿਤੀ ਕਿ ਉਸ ਨੂੰ ਕਿਸੇ 'ਮਾਨਸਿਕ-ਹਸਪਤਾਲ' ਵਿਚ ਕਿਸੇ ਵਿਸ਼ੇਸ਼ਗ ਕੋਲ ਭੇਜਿਆ ਜਾਵੇ। ਲੇਕਿਨ ਸ੍ਰੀ ਰਾਏ ਨੇ ਵਿਸ਼ੇਸ਼ਗ ਤੋਂ ਜਾਂਚ ਕਰਾਉਣ ਤੋਂ ਇਨਕਾਰ ਕਰ ਦਿਤਾ। ਇਸ ਨੂੰ ਆਧਾਰ ਬਣਾ ਕੇ ਐਸ. ਐਸ. ਪੀ. ਨੇ ਇਹ ਤਰਕ ਮਾਰਿਆ ਕਿ ਸ੍ਰੀ ਰਾਏ ਹੁਣ ਕਿਉਂਕਿ ਮਾਨਸਿਕ ਤੌਰ ਤੇ ਬੇਚੈਨ ਹੈ ਇਸ ਲਈ ਉਸਦੀ ਸਜ਼ਾ ਵਿਚ ਚਾਰ ਦਿਨਾਂ ਦੀ ਕਮੀ ਕੀਤੀ ਜਾਂਦੀ ਹੈ। ਸ੍ਰੀ ਖਾਂ ਦੇ ਇਸ ਆਦੇਸ਼ ਦੇ ਆਧਾਰ ਤੇ 25 ਸਤੰਬਰ ਦੀ ਰਾਤ ਨੂੰ ਮੁਕੰਦ ਰਾਏ ਮੈਸ ਵਿਚੋਂ ਮੁਕਤ ਕੀਤੇ ਗਏ। ਲੇਕਿਨ ਐਸ. ਐਸ. ਪੀ. ਨੇ ਆਪਣੀ ਟਿਪਣੀ ਵਿਚ ਇਹ ਵੀ ਕਿਹਾ ਕਿ ਸ੍ਰੀ ਰਾਏ ਦੇ ਮਾਨਸਿਕ ਅਸੰਤੁਲਨ ਦੇ ਸੰਬੰਧ ਵਿਚ ਵਿਭਾਗ

ਆਪਣੀ ਜਾਂਚ ਪੜਤਾਲ ਜਾਰੀ ਰੱਖੇਗਾ।

ਪਟਨਾ ਪੁਲਸ ਲਾਈਨ ਵਿਚ 20 ਸਤੰਬਰ ਤੋਂ ਸ਼ੁਰੂ ਹੋਏ ਇਸ ਨਾਟਕ ਅਤੇ ਮੁਕੰਦ ਰਾਏ ਨੂੰ ਦਿਤੀਆਂ ਗਈਆਂ ਤਕਲੀਫ਼ਾਂ ਦੀ ਕਹਾਣੀ ਦੀ ਸ਼ੁਰੂਆਤ 1979 ਵਿਚ ਸ਼ੁਰੂ ਹੋਈ ਸੀ। ਉਸ ਸਾਲ ਸ੍ਰੀ ਰਾਏ ਦਾ ਤਬਾਦਲਾ ਪਟਨਾ ਪੁਲਸ ਲਾਈਨ ਤੋਂ ਆਲਮਗੰਜ ਠਾਣੇ ਵਿਚ ਕਰ ਦਿਤਾ ਗਿਆ ਸੀ।

ਰਾਏ ਦਾ ਕਹਿਣਾ ਹੈ ਕਿ ਆਲਮਗੰਜ ਠਾਣੇ ਵਿਚ ਪੁਲਸ ਕਰਮਚਾਰੀਆਂ ਦੁਆਰਾ ਰਿਸ਼ਵਤ ਲੈਣਾ ਅਤੇ ਉਸ ਰਕਮ ਦਾ ਸਾਰੇ ਸਹਿਯੋਗੀਆਂ ਵਿਚ ਬਟਵਾਰਾ ਕਰਨਾ ਆਮ ਗੱਲ ਸੀ। ਸ੍ਰੀ ਰਾਏ ਨੇ ਰਿਸ਼ਵਤ ਲੈਣ ਅਤੇ ਉਸ ਦੇ ਬਟਵਾਰੇ ਦੀ ਪ੍ਰਥਾ ਦਾ ਵਿਰੋਧ ਕੀਤਾ, ਜਿਸ ਨਾਲ ਨਾ ਕੇਵਲ ਉਸਦੇ ਸਹਿ-ਕਰਮੀ ਬਲਕਿ ਆਲਮਗੰਜ ਠਾਣੇ ਦੇ ਤਤਕਾਲੀਨ ਠਾਣੇਦਾਰ ਵੀ ਉਸ ਦੇ ਨਾਲ ਬਹੁਤ ਨਰਾਜ਼ ਰਹਿਣ ਲੱਗੇ। ਸ੍ਰੀ ਰਾਏ ਇਤਨੇ ਨਾਲ ਹੀ ਸੰਤੁਸ਼ਟ ਨਹੀਂ ਹੋਏ। ਉਸ ਨੇ ਥਾਣੇਦਾਰ ਨੂੰ ਇਹ ਵੀ ਕਿਹਾ ਕਿ ਪੁਲਸ ਦਾ ਕੰਮ ਸਮਾਜ ਵਿਚੋਂ ਬੁਰਾਈਆਂ ਦੂਰ ਕਰਨਾ ਹੈ, ਲੇਕਿਨ ਆਲਮਗੰਜ ਵਿਚ ਦੂਸਰਾ ਹੀ ਆਲਮ ਹੈ ਕਿ ਪੁਲਸ ਇਥੇ ਅਪਰਾਧੀਆਂ ਦੀ ਮਦਦ ਕਰਦੀ ਹੈ। ਸ੍ਰੀ ਰਾਏ ਦੀ ਇਸ ਸਾਫ ਬਿਆਨੀ ਤੋਂ ਚਿੜਕੇ ਠਾਣੇਦਾਰ ਨੇ ਡੀ. ਐਸ. ਪੀ. (ਸਿਟੀ) ਕੋਲ ਇਕ ਚਿਠੀ ਭੇਜ ਕੇ ਸ੍ਰੀ ਰਾਏ ਦੇ ਖਿਲਾਫ ਸ਼ਿਕਾਇਤ ਕੀਤੀ। ਠਾਣੇਦਾਰ ਦੀ ਸ਼ਿਕਾਇਤ ਦੇ ਆਧਾਰ ਤੇ ਡੀ. ਐਸ. ਪੀ. ਨੇ ਮੁਕੰਦ ਰਾਏ ਨੂੰ 'ਲਾਈਨ ਹਾਜ਼ਰ' ਦਾ ਆਦੇਸ਼ ਦਿਤਾ। ਉਕਤ ਆਦੇਸ਼ ਨੂੰ ਲੈ ਕੇ ਜਦੋਂ ਠਾਣੇਦਾਰ ਮੁਕੰਦ ਰਾਏ ਪਾਸ ਪਹੁੰਚਿਆ ਤਾਂ ਉਸ ਨੇ ਆਦੇਸ਼ ਸਵੀਕਾਰ ਕਰਨ ਦੇ ਬਜਾਇ ਠਾਣੇਦਾਰ ਤੇ ਸਵਾਲ ਕੀਤਾ, "ਸਿਟੀ ਡੀ. ਐਸ. ਪੀ. ਮੈਨੂੰ ਲਾਈਨ ਹਾਜ਼ਰ ਕਿਵੇਂ ਕਰਵਾ ਸਕਦਾ ਹੈ? ਇਥੇ ਮੇਰੀ ਬਦਲੀ ਸਿਟੀ ਐਸ. ਪੀ. ਵਾਲਮੀਕ ਸ਼ਰਮਾ ਦੇ ਆਦੇਸ਼ ਨਾਲ ਹੋਈ ਸੀ। ਇਸ ਲਈ ਇਥੋਂ ਮੈਨੂੰ ਉਹ ਹੀ ਹਟਾ ਸਕਦੇ ਹਨ। ਇਸ ਸਬੰਧ ਵਿਚ ਕਿਸੇ ਦੂਸਰੇ ਦਾ ਆਦੇਸ਼ ਗੈਰ-ਕਾਨੂੰਨੀ ਹੋਵੇਗਾ, ਜਿਸ ਨੂੰ ਮੈਂ ਬਿਲਕੁਲ ਨਹੀਂ ਮੰਨਾਂਗਾ।" ਠਾਣੇਦਾਰ ਉਸ ਵਕਤ ਤਾਂ ਚੁੱਪ ਹੋ ਗਿਆ, ਲੇਕਿਨ ਬਾਅਦ ਵਿਚ ਸਾਰਿਆਂ ਨੇ ਮਿਲ ਕੇ ਸਿਟੀ ਐਸ. ਪੀ. ਕੋਲ ਮੁਕੰਦ ਰਾਏ ਦੇ ਖਿਲਾਫ ਸਿਕਾਇਤ ਕੀਤੀ ਜਿਸ ਨੂੰ ਆਧਾਰ ਬਣਾ ਕੇ ਜਨਵਰੀ 1980 ਵਿਚ ਮੁਕੰਦ ਰਾਏ ਨੂੰ ਸਸਪੈਂਡ ਕਰ ਦਿਤਾ ਗਿਆ। ਲੇਕਿਨ ਕਿਉਂਕਿ ਮੁਕੰਦ ਰਾਏ ਤੋਂ ਸਿਟੀ ਐਸ. ਪੀ. ਨੇ ਉਸ ਦਾ ਪੱਖ ਨਹੀਂ ਸੁਣਿਆ, ਇਸ ਲਈ ਸ੍ਰੀ ਰਾਏ ਨੇ ਠਾਣੇਦਾਰ ਦੀ ਮਾਰਫਤ ਭਿਜਵਾਏ ਗਏ ਉਸ ਦੇ ਆਦੇਸ਼ ਦੀ ਪ੍ਰਤੀ ਲੈਣ ਤੋਂ ਇਨਕਾਰ ਕਰ ਦਿਤਾ।

ਇਸਤੋਂ ਪਹਿਲਾਂ ਠਾਣੇ ਦੇ ਦਸਤਾਂਵੇਜ਼ਾਂ ਵਿਚ ਚੁਪ ਕਰਕੇ ਇਹ ਦਰਜ ਕਰ ਦਿਤਾ ਗਿਆ ਕਿ ਸ੍ਰੀ ਰਾਏ 22 ਦਿਸੰਬਰ ਤੋਂ ਹੀ ਇਥੋਂ 'ਚਲੇ ਗਏ' ਹਨ। ਸ੍ਰੀ ਰਾਏ ਦਾ ਕਹਿਣਾ ਹੈ ਕਿ 25 ਦਸੰਬਰ ਨੂੰ ਮੈਨੂੰ ਠਾਣੇਦਾਰ ਨੇ ਬੁਲਾਇਆ ਅਤੇ ਕਿਹਾ ਕਿ ਅਗਰ ਤੂੰ ਥਾਣਾ ਨਹੀਂ ਛੱਡੇਗਾ ਤਾਂ ਤੇਰੇ ਖਿਲਾਫ ਕੇਸ ਦਾਇਰ ਕੀਤਾ ਜਾਏਗਾ। ਮੈਂ ਕਿਹਾ, 'ਆਪ ਚਾਹੇ ਰਿਪੋਰਟ ਕਰੋ ਜਾਂ ਹੋਰ ਕੁਝ ਮੈਂ ਇਥੇ ਹੀ ਡਟਿਆ ਰਹਾਂਗਾ।'

ਉਧਰ ਸ੍ਰੀ ਰਾਏ ਨੇ ਸਿਟੀ ਐਸ. ਪੀ. ਦੁਆਰਾ ਜਾਰੀ ਕੀਤੇ ਗਏ ਸਸਪੈਨਸ਼ਨ ਆਰਡਰ ਲੈਣ ਤੋਂ ਇਨਕਾਰ ਕਰ ਦਿਤਾ ਐਸੋਸੀਏਸ਼ਨ ਵਾਲੇ ਮੁਕੰਦ ਰਾਏ ਪਾਸ ਗਏ ਵੀ ਅਤੇ ਉਸ ਨੂੰ ਡੀ. ਐਸ. ਪੀ. ਦਾ ਆਦੇਸ਼ ਮੰਨ ਕੇ ਲਾਈਨ ਹਾਜ਼ਰ ਹੋਣ ਲਈ ਕਿਹਾ। ਸ੍ਰੀ ਰਾਏ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਤਾਂ ਉਹਨਾਂ ਵਿਚਕਾਰਲਾ ਰਸਤਾ ਅਖਤਿਆਰ ਕੀਤਾ ਅਤੇ ਉਸਨੂੰ ਸਿਟੀ ਐਸ. ਪੀ. ਨਾਲ ਮਿਲਾਉਣ ਲੈ ਗਏ। ਸਿਟੀ ਐਸ. ਪੀ. ਨੇ ਉਸ ਨੂੰ ਪੁਛਿਆ, 'ਕੀ ਤੂੰ ਮੇਰਾ ਆਦੇਸ਼ ਲੈ ਲਿਆ ਹੈ?' ਤਾਂ ਮੁਕੰਦ ਰਾਏ ਦਾ ਜੁਆਬ ਸੀ, 'ਨਹੀਂ।' 'ਕਿਉਂ?' 'ਇਸ ਲਈ ਕਿ ਤੁਹਾਡਾ ਆਦੇਸ਼ ਨਿਯਮਾਂ ਦੇ ਵਿਰੁੱਧ ਹੈ।' ਸ੍ਰੀ ਰਾਏ ਦਾ ਇਹ ਜੁਆਬ ਸੁਣਕੇ ਸਿਟੀ ਐਸ. ਪੀ. ਦਾ ਚਿੜਨਾ ਸੁਭਾਵਿਕ ਹੀ ਸੀ ਅਤੇ ਉਸਨੇ ਵਿਅੰਗਪੂਰਨ ਲਹਿਜੇ ਵਿਚ ਕਿਹਾ, 'ਤਾਂ ਤੂੰ ਵੀ ਕਾਇਦੇ-ਕਾਨੂੰਨਾਂ ਬਾਰੇ ਜਾਣਨੈ।' ਇਸ ਤੇ ਮੁਕੰਦ ਰਾਏ ਨੇ ਜੁਆਬ ਦਿਤਾ, 'ਅਗਰ ਮੈਂ ਨਿਯਮਾਂ ਬਾਰੇ ਨਾ ਜਾਣਦਾ ਹੋਵਾਂ ਤਾਂ ਮੈਨੂੰ ਕਾਂਸਟੇਬਲ ਹੋਣ ਦਾ ਕੋਈ ਹੱਕ ਨਾ ਹੁੰਦਾ।' ਤਦ ਸ੍ਰੀ ਸ਼ਰਮਾ ਨੇ ਪੈਂਤੜਾ ਬਦਲਿਆ ਅਤੇ ਕਿਹਾ, 'ਤੂੰ ਮੇਰੇ ਆਦੇਸ਼ ਦੇ ਖਿਲਾਫ ਡੀ. ਆਈ. ਜੀ. ਜਾਂ ਆਈ. ਜੀ. ਕੋਲ ਦਰਖਾਸਤ ਕਿਉਂ ਨਹੀਂ ਭੇਜੀ?' 'ਇਹ ਮੇਰਾ ਕੰਮ ਨਹੀਂ ਹੈ' ਮੁਕੰਦ ਰਾਏ ਨੇ ਉਤਰ ਦਿਤਾ, 'ਨਹੀਂ।' ਹੁਣ ਤੀਕ ਸਿਟੀ ਐਸ. ਪੀ. ਦੇ ਸਾਹਮਣੇ ਇਹ ਸਪਸ਼ਟ ਹੋ ਚੁਕਿਆ ਸੀ ਕਿ ਇਸ ਕਾਂਸਟੇਬਲ ਨੂੰ ਡਰਾ-ਇਆ ਨਹੀਂ ਜਾ ਸਕਦਾ। ਲਿਹਾਜ਼ਾ ਉਸ ਨੇ ਸ੍ਰੀ ਰਾਏ ਦੇ ਖਿਲਾਫ ਜਾਰੀ ਕੀਤੇ ਗਏ ਸਸਪੈਨਸ਼ਨ ਆਰਡਰ ਨੂੰ ਖਾਰਜ ਕਰ ਦਿਤਾ ਅਤੇ ਸ੍ਰੀ ਰਾਏ ਆਲਮਗੰਜ ਠਾਣੇ ਵਿਚ ਹੀ ਮੌਜੂਦ ਰਹੇ।

ਸਸਪੈਨਸ਼ਨ ਆਰਡਰ ਖਾਰਿਜ ਕੀਤੇ ਜਾਣ ਦੀ ਕਾਰਵਾਈ ਉਤੇ ਸ਼ਾਇਦ ਦਫਤਰ ਦੇ ਬਾਬੂਆਂ ਦਾ ਧਿਆਨ ਨਹੀਂ ਗਿਆ ਅਤੇ ਉਹ ਇਸੇ ਭਰਮ ਵਿਚ ਰਹੇ ਕਿ ਮੁਕੰਦ

ਰਾਏ 'ਲਾਈਨ ਹਾਜ਼ਰ' ਦੇ ਆਦੇਸ਼ ਤੋਂ ਬਾਅਦ ਪੁਲਸ ਲਾਈਨ ਵਿਚ ਹੀ ਹੈ। ਇਸੇ ਧਾਰਨਾ ਦੇ ਆਧਾਰ ਤੇ ਜੁਲਾਈ 1980 ਵਿਚ ਉਸਦਾ ਤਬਾਦਲਾ ਜ਼ੇਰੇ-ਨਜ਼ਰ ਰੱਖਦੇ ਹੋਏ ਉਸਨੂੰ ਇਹ ਆਦੇਸ਼ ਦਿਤਾ ਗਿਆ ਕਿ ਉਹ ਆਪਣੀ ਤਨਖਾਹ ਪੁਲਸ ਲਾਈਨ ਵਿਚੋਂ ਹੀ ਲਵੇ। ਸ੍ਰੀ ਮੁਕੰਦ ਰਾਏ ਦਾ ਕਹਿਣਾ ਹੈ, "ਮੈਂ ਆਲਮਗੰਜ ਥਾਣੇ ਤੋਂ ਹਟਿਆ ਹੀ ਨਹੀਂ, ਲੇਕਿਨ ਪੁਲਸ ਇੰਸਪੈਕਟਰ ਨੇ ਕਿਹਾ ਕਿ ਚੂੰਕਿ ਮੈਂ ਉਥੇ ਡਿਉਟੀ ਨਹੀਂ ਕਰ ਰਿਹਾ, ਇਸ ਲਈ ਮੈਨੂੰ ਉਥੋਂ ਵੇਤਨ ਨਹੀਂ ਮਿਲੇਗਾ। ਇਸ ਤਰ੍ਹਾਂ ਮੈਨੂੰ ਦੋ ਮਹੀਨਿਆਂ ਤੀਕ ਵੇਤਨ ਨਹੀਂ ਮਿਲਿਆ। ਬਾਅਦ ਵਿਚ ਆਲਮਗੰਜ ਥਾਣੇ ਦੇ ਐਸ. ਐਚ. ਓ. ਨੂੰ ਦਿਆ ਆਈ ਅਤੇ ਉਹ ਮੇਰਾ ਵੇਤਨ ਆਲਮਗੰਜ ਥਾਣੇ ਵਿਚ ਹੀ ਲੈ ਆਇਆ।"

ਅਪ੍ਰੈਲ 1982 ਵਿਚ ਜਦੋਂ ਮੁਕੰਦ ਰਾਏ ਆਪਣਾ ਵੇਤਨ ਲੈਣ ਲਈ ਪੁਲਸ ਲਾਈਨ ਗਏ, ਤਾਂ ਉਥੇ ਨਿਯੁਕਤ ਇੰਸਪੈਕਟਰ ਨੇ ਉਸਤੋਂ ਪੁਛਿਆ ਕਿ ਉਸਨੂੰ ਕਿਥੇ ਨਿਯੁਕਤ ਕੀਤਾ ਗਿਆ ਹੈ? ਸ੍ਰੀ ਰਾਏ ਨੇ ਕਿਹਾ, "ਮੈਂ ਆਲਮਗੰਜ ਵਿਚ ਹਾਂ!" ਤਾਂ ਇੰਸਪੈਕਟਰ ਨੇ ਕਾਗਜਾਤ ਦੇਖ ਕੇ ਲੱਭਿਆ ਕਿ ਮੁਕੰਦ ਰਾਏ ਨੂੰ ਪੁਲਸ ਲਾਈਨ ਵਿਚ ਨਿਯੁਕਤ ਦਿਖਾਇਆ ਗਿਆ ਹੈ। ਇਸ ਤੇ ਉਸਨੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ, "ਤੈਨੂੰ ਤਾਂ ਪੁਲਸ ਲਾਈਨ ਭੇਜਿਆ ਗਿਆ ਸੀ?" "ਲੇਕਿਨ ਮੈਨੂੰ ਤਾਂ ਅਜਿਹਾ ਕੋਈ ਕਾਗਜ਼ ਨਹੀਂ ਮਿਲਿਆ", ਇਹ ਮੁਕੰਦ ਰਾਏ ਦਾ ਉਤਰ ਸੀ। ਇੰਸਪੈਕਟਰ ਨੇ ਆਲਮ-ਗੰਜ ਥਾਣੇ ਦੇ ਥਾਣੇਦਾਰ ਨੂੰ ਫੋਨ ਉਤੇ ਸ੍ਰੀ ਰਾਏ ਦੇ ਬਾਰੇ ਪੁੱਛਗਿਛ ਕੀਤੀ, ਜਿਸਨੇ ਸੂਚਨਾ ਦਿਤੀ ਕਿ ਸ੍ਰੀ ਰਾਏ ਰਹਿੰਦਾ ਤਾਂ ਉਥੇ ਹੀ ਹੈ, ਪਰ ਕੰਮ ਕ੍ਰੰਮ ਕੋਈ ਨਹੀਂ ਕਰਦਾ। ਤਾਂ ਇੰਸਪੈਕਟਰ ਨੇ ਸ੍ਰੀ ਰਾਏ ਤੋਂ ਫੇਰ ਪੁੱਛਗਿੱਛ ਕੀਤੀ, ਜਿਸਦਾ ਜੁਆਬ ਦੇਣ ਦੇ ਕ੍ਰਮ ਵਿਚ ਸ੍ਰੀ ਰਾਏ ਨੇ ਦੱਸਿਆ ਕਿ ਉਸਨੇ ਦਸੰਬਰ 1981 ਤੋਂ ਆਲਮਗੰਜ ਮੈਸ ਦਾ ਚਾਰਜ ਕਿਸੇ ਹੋਰ ਕਰਮਚਾਰੀ ਨੂੰ ਸੌਂਪ ਦਿਤਾ ਸੀ, "ਉਸਤੋਂ ਬਾਅਦ ਜਾਂ ਤਾਂ ਮੈਨੂੰ ਕਮਾਂਡ-ਸਰਟੀਫੀਕੇਟ ਮਿਲਣਾ ਚਾਹੀਦਾ ਸੀ ਜਾਂ ਕੋਈ ਹੋਰ ਕੰਮ ਦਿਤਾ ਜਾਣਾ ਚਾਹੀਦਾ ਸੀ। ਲੇਕਿਨ ਮੈਨੂੰ ਕੁਝ ਵੀ ਨਹੀਂ ਦਿਤਾ ਗਿਆ। ਥਾਣੇਦਾਰ ਤੋਂ ਤੁਸੀਂ ਇਸ ਬਾਰੇ ਕਿਉਂ ਨਹੀਂ ਪੁੱਛਦੇ?" ਇੰਸਪੈਕਟਰ ਨੂੰ ਦੁਬਾਰਾ ਆਲਮਗੰਜ ਦੇ ਥਾਣੇਦਾਰ ਤੋਂ ਪੁੱਛਗਿੱਛ ਕੀਤੀ, ਜਿਸਨੇ ਜੁਆਬ ਦਿਤਾ ਕਿ ਉਸਨੂੰ ਇਹ ਪਤਾ ਨਹੀਂ ਕਿ ਮੁਕੰਦ ਰਾਏ ਉਸਦੇ ਥਾਣੇ ਵਿਚ ਪਤਾ ਨਹੀਂ ਕਿਸ ਪੁਜ਼ੀਸ਼ਨ ਵਿਚ ਰਹਿ ਰਿਹਾ ਹੈ? ਤਾਂ ਇੰਸਪੈਕਟਰ ਨੇ ਸ੍ਰੀ ਰਾਏ ਨੂੰ ਕਿਹਾ ਕਿ ਐਸ. ਐਸ. ਪੀ. ਦੁਆਰਾ ਆਦੇਸ਼ ਮਿਲਣ 'ਤੇ ਹੀ ਉਸਨੂੰ ਤਨਖ਼ਾਹ ਦਿਤੀ ਜਾਵੇਗੀ। ਉਸਤੋਂ ਮਗਰੋਂ ਇਸ ਸਾਲ 25 ਮਈ ਨੂੰ ਸ੍ਰੀ ਰਾਏ ਦੀ ਪੇਸ਼ੀ ਐਸ. ਐਸ. ਪੀ. ਦੇ ਹੋਈ, ਜਿਸਨੇ ਕੁਝ ਪੁੱਛਗਿੱਛ ਕਰਨ ਤੋਂ ਬਾਅਦ ਕਿਹਾ, "ਮੈਂ ਤੈਨੂੰ ਸਸਪੈਂਡ ਕਰਦਾ ਹਾਂ।" ਇਸਦਾ ਮੁਕੰਦ ਰਾਏ ਨੇ ਉਤਰ ਦਿਤਾ, "ਇਸਨੂੰ ਮੇਰੇ ਮਾਲਕ (ਆਮ ਜਨਤਾ) ਨਹੀਂ ਬਰਦਾਸ਼ਤ ਕਰਨਗੇ।" ਤਾਂ ਐਸ. ਐਸ. ਪੀ. ਨੇ ਆਪਣੀ ਆਵਾਜ਼ ਉਚੀ ਕਰਦੇ ਹੋਏ ਕਿਹਾ, "ਮੈਂ ਤੈਨੂੰ ਨੌਕਰੀ ਤੋਂ ਕੱਢ ਦਿਆਂਗਾ।" ਮੁਕੰਦ ਰਾਏ ਨੇ ਇਸ ਉਤੇ ਵੀ ਸਹਿਜ ਭਾਵ ਨਾਲ ਟਿੱਪਣੀ ਕੀਤੀ, "ਕੱਢ ਦਿਓ, ਇਸ ਤਰ੍ਹਾਂ ਕੰਮ-ਸੇ-ਕੰਮ ਤੁਸੀਂ ਇਕ ਸਰਕਾਰੀ ਕੰਮ ਤਾਂ ਜ਼ਰੂਰ ਕਰੋਗੇ।" ਇਸ ਬਾਤਚੀਤ ਤੋਂ ਬਾਅਦ ਸ੍ਰੀ ਰਾਏ ਐਸ. ਐਸ. ਪੀ. ਦੇ ਕਮਰੇ ਵਿਚੋਂ ਨਿਕਲ ਰਿਹਾ ਸੀ, ਤਦੇ ਐਸ. ਐਸ. ਪੀ. ਨੇ ਕਾਗਜ਼ਾਂ ਵਿਚ ਦੇਖਿਆ ਕਿ ਪਿਛਲੇ ਕੁਝ ਮਹੀਨਿਆਂ ਤੋਂ ਸ੍ਰੀ ਰਾਏ ਨੂੰ ਤਨਖਾਹ ਨਹੀਂ ਸੀ ਮਿਲੀ। ਉਸਨੇ ਉਸੇ ਵਕਤ ਇੰਸਪੈਕਟਰ ਨੂੰ ਸ੍ਰੀ ਰਾਏ ਦਾ ਬਕਾਇਆ ਵੇਤਨ ਭੁਗਤਾਨ ਕਰਨ ਲਈ ਕਿਹਾ। ਇਸ ਉਤੇ ਸ੍ਰੀ ਰਾਏ ਨੇ ਪਿਛੇ ਮੁੜ ਕੇ ਕਿਹਾ, "ਕੁਝ ਹੀ ਦੇਰ ਪਹਿਲਾਂ ਤੁਸੀਂ ਕਹਿ ਰਹੇਸੀ ਕਿ ਮੈਂ ਬਿਨਾਂ ਕੰਮ ਕਰੇ ਤਨਖਾਹ ਲੈਂਦਾ ਰਿਹਾ ਹਾਂ ਅਤੇ ਹੁਣ ਆਪ ਖੁਦ ਹੀ ਇਹ ਆਦੇਸ਼ ਦੇ ਰਹੇ ਹੋ ਕਿ ਮੇਰੇ ਬਕਾਇਆ ਵੇਤਨ ਦਾ ਭੁਗਤਾਨ ਕਰ ਦਿਤਾ ਜਾਵੇ। ਕੀ ਤੁਹਾਨੂੰ ਇਹ ਨਹੀਂ ਲਗਦਾ ਕਿ ਤੁਸੀਂ ਖੁਦ ਹੀ ਆਪਣੀਆਂ ਗੱਲਾਂ ਨੂੰ ਕੱਟ ਰਹੇ ਹੋ?"

ਬਹਿਰਹਾਲ, ਸ੍ਰੀ ਰਾਏ ਵਾਪਸ ਆਲਮਗੰਜ ਥਾਣੇ ਗਿਆ, ਜਿਥੇ ਕੁਝ ਹੀ ਦਿਨਾਂ ਬਾਦ ਉਸਨੂੰ ਸਸ਼ਪੈਂਨਸ਼ਨ ਆਰਡਰ ਦਿਤਾ ਗਿਆ, ਜਿਸਨੂੰ ਗੈਰ-ਕਾਨੂੰਨੀ ਕਰਾਰ ਦਿੰਦੇ ਹੋਏ ਉਸ਼ਨੇ ਲੈਣ ਤੋਂ ਇਨਕਾਰ ਕਰ ਦਿਤਾ। ਉਸ ਤੋਂ ਬਾਅਦ ਕੁਝ ਹੀ ਮਹੀਨਿਆਂ ਤੱਕ ਉਸਨੂੰ ਨਿਰਬਾਹ ਭੱਤਾ ਮਿਲਦਾ ਰਿਹਾ. ਲੇਕਿਨ ਪਿਛਲੇ ਅਗਸਤ ਤੋਂ ਉਹ ਵੀ ਬੰਦ ਹੋ ਗਿਆ ਅਤੇ ਅਧਿਕਾਰੀਆਂ ਨਾਲ ਵਿਵਾਦ ਦੀ ਸ਼ੁਰੂਅਤ ਦੇ ਦੋ ਸਾਲਾਂ ਬਾਅਦ ਪਹਿਲੀ ਵਾਰ ਉਸਨੂੰ ਦੋਸ਼-ਪੱਤਰ ਦਿਤਾ ਗਿਆ। ਉਕਤ ਪੱਤਰ ਵਿਚ ਉਸਦੇ ਖਿਲਾਫ ਪੰਜ ਦੋਸ਼ ਲਾਏ ਗਏ ਸੀ।

ਆਪਣੇ ਉਤਰ ਵਿਚ ਸ੍ਰੀ ਰਾਏ ਨੇ ਪੁਲਸ ਦੇ ਛੱਡੇ ਅਧਿਕਾਰੀਆਂ ਤੋਂ ਪੁੱਛਿਆ ਕਿ ਕੀ ਉਹ ਖੁਦ 'ਅਨੁਸ਼ਾਸ਼ਨ-ਹੀਣਤਾਂ', 'ਲਾਪਰਵਾਹੀ' 'ਕਰਤਵਹੀਣਤਾ' ਅਤੇ 'ਆਦੇਸ਼ ਦਾ ਪਾਲਣ ਨਾ ਕਰਨਾਂ', ਜਹੇ ਜ਼ੁਮਲਿਆਂ ਦਾ ਸਹੀ ਮਤਲਬ ਜਾਣਦੇ ਹਨ? ਉਸੇ ਦੋਸ਼-ਪੱਤਰ ਦੇ ਸੰਦਰਭ ਵਿਚ ਅਤੇ ਆਪਣੇ ਨਾਲ ਕੀਤੀਆਂ ਗਈਆਂ ਜ਼ਿਆਦਤੀਆਂ ਦਾ ਨਿਵਾਰਣ ਕਰਾਉਣ ਲਈ ਮੁਕੰਦ

ਰਾਏ ਪਿਛਲੇ 20 ਸਤੰਬਰ ਤੋਂ ਪਟਨਾ ਦੇ ਵਰਤਮਾਨ ਐਸ. ਐਸ. ਪੀ. ਰਾਮਚੰਦਰ ਖਾਂ ਦੇ ਦਰਬਾਰ ਵਿਚ ਵਿਚ ਹਾਜ਼ਰ ਹੋਏ ਸੀ, ਲੇਕਿਨ ਮ੍ਰੀ ਖਾਂ ਨੇ ਇਕ ਇਮਾਨਦਾਰ ਕਾਂਸਟੇਬਲ ਦੀ ਦੁਰਦਸ਼ਾ ਉਤੇ ਰਹਿਮ ਖਾਣ ਦੀ ਬਜਾਇ ਉਸਦੇ ਨਾਲ ਜੋ ਸਲੂਕ ਕੀਤਾ ਉਸਦਾ ਵਰਣਨ ਪਹਿਲਾਂ ਹੀ ਹੋ ਚੁਕਿਆ ਹੈ। ਕੁਝ ਸਮਝਦਾਰ ਵੱਡੇ ਅਧਿਕਾਰੀਆਂ ਦੀ ਵਿਚੋਲਗੀਰੀ ਕਾਰਨ ਮੁਕੰਦ ਰਾਏ ਪ੍ਰਕਰਣ ਉਤੇ ਪਟਨਾ ਪੁਲਸ ਲਾਈਨ ਵਿਚ ਫੈਲੀ ਉਤੇਜਨਾਂ ਨੂੰ ਤਾਂ ਕਾਬੂ ਵਿਚ ਕਰ ਲਿਆ ਗਿਆ ਹੈ, ਲੇਕਿਨ ਬਿਹਾਰ ਦੇ ਹਰ ਪੁਲਸ ਥਾਣੇ ਵਿਚ ਮੁਕੰਦ ਰਾਏ ਜਿਹੇ ਲੋਕ ਬੇਇਨਸਾਫੀ ਦਾ ਸ਼ਿਕਾਰ ਹੋ ਰਹੇ ਹਨ, ਅਗਰ ਸਮੇਂ ਸਿਰ ਉਹਨਾਂ ਦੀ ਸਾਰ ਨਾ ਲਈ ਗਈ ਤਾਂ ਬਿਹਾਰ ਵਿਚ ਵੀ ਪੁਲਸ ਵਿਦਰੋਹ ਹੋ ਸਕਦਾ ਹੈ, ਜੋ ਪਹਿਲੇ ਸਾਰੇ ਪੁਲਸ ਵਿਦਰੋਹਾਂ ਤੋਂ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੋਵੇਗਾ।

ਪੰਜਾਬ ਵਿਚ ਜੇ ਦਸ ਕੁ ਪ੍ਰਤੀਸ਼ਤ ਪੁਲਸ ਕਰਮਚਾਰੀ ਮੁਕੰਦਰਾਏ ਬਣ ਜਾਣ ਤਾਂ ਰਿਸ਼ਵਤ ਲੈਣਾ ਤੇ ਬੇ-ਇਨਸਾਫੀ ਕਰਨਾ ਸ਼ਾਇਦ ਸੂਰਮਗਤੀ ਤੋਂ ਘੱਟ ਨਹੀਂ ਰਹਿ ਜਾਵੇਗਾ। ਪਾਗਲ ਮੁਕੰਦ ਰਾਏ ਨਹੀਂ, ਸਗੋਂ ਪਾਗਲਪਨ ਦਾ ਦੌਰਾ ਅਕਸਰ ਬੂਤਰੀ ਹੋਈ ਅਫਸਰ-ਸ਼ਾਹੀ ਨੂੰ ਪੈਂਦਾ ਹੈ।

## 5. ਜਮਹੂਰੀ ਹਕਾਂ ਤੇ ਇਕ ਹੋਰ ਛਾਪਾ

ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਜਿਥੇ ਲੋਕਾਂ ਦੇ ਜਮਹੂਰੀ ਹੱਕਾਂ ਉਤੇ ਪਹਿਰੇਦਾਰੀ ਕਰਨਾ ਆਪਣਾ ਨਿਸ਼ਾਨਾ ਮਿਥਿਆ ਹੈ, ਉਤੇ ਲੋਕਾਂ ਨੂੰ ਜਮਹੂਰੀ ਹਕਾਂ ਬਾਰੇ ਪੈਂਫਲਿਟਾਂ ਦੁਆਰਾ ਚੇਤਨ ਕਰਨ ਦਾ ਕੰਮ ਵੀ ਸਾਂਭਿਆ ਹੈ, ਸੀਮਤ ਸਾਧਨਾਂ ਦੇ ਹੋਣ ਤੇ ਵੀ ਇਸ ਸਭਾ ਦੀ ਕੋਸ਼ਿਸ਼ ਹੁੰਦੀ ਹੈ ਕਿ ਹਰ ਇਕ ਉਸ ਕਦਮ ਦਾ ਨੋਟਿਸ ਲਿਆ ਜਾਏ ਜੋ ਸਰਕਾਰ ਵਲੋਂ ਜਮਹੂਰੀ ਹੱਕਾਂ ਉਤੇ ਛਾਪਾ ਹੋਵੇ। ਹਸਪਤਾਲਾਂ ਦੀ ਸਰਵਿਸ ਨੂੰ ਜ਼ਰੂਰੀ ਸੇਵਾਵਾਂ ਕਰਾਰ ਦੇ ਕੇ ਟਰੇਡ ਯੂਨੀਅਨ ਹੱਕਾਂ ਤੇ ਜੋ ਛਾਪਾ ਵਜਿਆ ਹੈ, ਇਕ ਲੇਖਣੀ ਦੁਆਰਾ ਲੋਕਾਂ ਨੂੰ ਉਸ ਬਾਰੇ ਖਬਰਦਾਰ ਕੀਤਾ ਗਿਆ ਹੈ। ਇਹ ਸਮਤਾ ਦੇ ਪਾਠਕਾਂ ਲਈ ਅਸੀਂ ਇੱਥੇ ਦੇ ਰਹੇ ਹਾਂ। ਪਿਛੇ ਜਿਹੇ ਪਸ਼ੂਆਂ ਦੇ ਹਸਪਤਾਲਾਂ ਵਿਚ ਕਰਮਚਾਰੀਆਂ ਨੇ ਅਪਣੇ ਹੱਕਾਂ ਲਈ ਸੰਘਰਸ਼ ਕੀਤਾ ਤਾਂ ਉਹਨਾਂ ਨੂੰ ਇਸ ਐਕਟ ਦਾ ਆਧਾਰ ਲੈਕੇ ਦਬਾਇਆ ਗਿਆ ਹੈ, ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਰਕਾਰ ਦੇ ਜਮਹੂਰੀਅਤ ਦੁਸ਼ਮਣ ਕਦਮਾਂ ਦਾ ਪੂਰੀ ਦ੍ਰਿੜਤਾ ਨਾਲ ਜਵਾਬ ਦੇਈਏ—

ਹਸਪਤਾਲ ਅਤੇ ਦੂਜੀਆਂ ਸੰਸਥਾਵਾਂ ਬਾਰੇ ਬਿਲ (ਝਗੜੇ ਨਿਪਟਾਉਣ ਸਬੰਧੀ) ਬਿਲ ਨੰ. 12, 1982 ਰਾਹੀਂ ਸਾਮੂਹਿਕ ਸੌਦੇਬਾਜੀ ਦੇ ਹੱਕ ਤੇ ਛਾਪਾ

### ਜਮਹੂਰੀ ਅਧਿਕਾਰਾਂ ਤੇ ਇਕ ਹੋਰ ਹਮਲਾ

ਜਿਉਂ ਜਿਉਂ ਲੋਕਾਂ ਦੀਆਂ ਆਰਥਕ ਮੁਸ਼ਕਲਾਂ ਵਿਚ ਵਾਧਾ ਹੋ ਰਿਹਾ ਹੈ ਅਤੇ ਉਹ ਸੰਘਰਸ਼ਾਂ ਦੇ ਰਾਹ ਪੈ ਰਹੇ ਹਨ, ਭਾਰਤੀ ਹਾਕਮ ਨਿੱਤ ਉਠ ਰਹੇ ਅਤੇ ਦਿਨੋ ਦਿਨ ਤੀਬਰ ਹੋ ਰਹੇ ਲੋਕ ਘੋਲਾਂ ਨੂੰ ਕੁਚਲਣ ਲਈ ਜਾਬਰ ਕਾਨੂੰਨ ਘੜ ਰਹੇ ਹਨ। ਇਹ ਗੰਭੀਰ ਆਰਥਕ ਸੰਕਟ ਦੇ ਕਰਿਸ਼ਮੇ ਹਨ ਕਿ ਹਾਕਮ ਜਿਥੇ ਆਪਣੇ ਹੀ ਦੁਆਰਾ ਸਥਾਪਿਤ ਕੀਤੇ ਅਦਾਰਿਆਂ ਦੀ ਸਰਵਉਚਤਾ ਨਕਾਰਨ ਲਈ ਮਜਬੂਰ ਹੋ ਰਹੇ ਹਨ ਉਥੇ ਉਹ ਹੁਣ ਤੱਕ ਮੁਕਾਬਲਤਨ ਸੌਖੀ ਜ਼ਿੰਦਗੀ ਬਤੀਤ ਕਰ ਰਹੇ ਪਰ ਹੁਣ ਸੰਕਟ ਦੀ ਮਾਰ ਹੇਠ ਆਉਣ ਵਾਲੇ ਵੱਖ ਵੱਖ ਤਬਕਿਆਂ ਦੇ ਜਮਹੂਰੀ ਹੱਕਾਂ ਤੇ ਕੁਹਾੜਾ ਚਲਾਉਣ ਤੋਂ ਵੀ ਗੁਰੇਜ਼ ਨਹੀਂ ਕਰ ਰਹੇ। ਦਿਨੋ ਦਿਨ ਹਾਕਮਾਂ ਨੂੰ ਜਮਹੂਰੀ ਘੁੰਡ ਲਾਹੁਣਾ ਪੈ ਰਿਹਾ ਹੈ ਅਤੇ ਜਮਹੂਰੀਅਤ ਦੇ ਮਹੀਨ ਪਰਦੇ ਹੇਠ ਲੁਕਿਆ ਉਨ੍ਹਾਂ ਦਾ ਲੋਕ ਦੋਖੀ ਚਿਹਰਾ ਨੰਗਾ ਹੋ ਰਿਹਾ ਹੈ। ਬਿਹਾਰ ਪ੍ਰੈਸ ਬਿਲ ਅਤੇ ਹੁਣ ਹਸਪਤਾਲ ਅਤੇ ਦੂਜੀਆਂ ਸੰਸਥਾਵਾਂ ਸਬੰਧੀ ਬਿਲ ਹਾਕਮਾਂ ਦੀ ਇਸ 'ਮਜਬੂਰੀ ਦੀਆਂ' ਉਘੜਵੀਆਂ ਮਿਸਾਲਾਂ ਹਨ।

ਇਹ ਬਿਲ ਜੋ ਇੰਡਸਟੀਅਲ ਡਿਸਪਿਊਟ ਐਕਟ (IDA) ਆਫ 1948 ਅਤੇ ਇੰਡੀਅਨ ਟਰੇਡ ਯੂਨੀਅਨ ਐਕਟ (ITUA) ਆਫ 1926 ਵਿਚ ਦੋ ਤਰਮੀਮਾਂ ਸਹਿਤ ਪੇਸ਼ ਕੀਤਾ ਜਾ ਰਿਹਾ ਹੈ, ਹਸਪਤਾਲਾਂ, ਵਿਦਿਅਕ ਅਦਾਰਿਆਂ ਅਤੇ ਅਜੇਹੀਆਂ ਹੋਰ ਸੰਸਥਾਵਾਂ ਦੇ ਵਿਚ ਕੰਮ ਕਰਨ ਵਾਲੇ ਹਰ ਵਰਗ ਦੇ ਕਰਮਚਾਰੀਆਂ ਦੀ ਸੰਘੀ ਘੁੱਟਣ ਲਈ ਸਰਕਾਰ ਦੇ ਹੱਥਾਂ ਵਿਚ ਇਕ ਤਕੜਾ ਸੰਦ ਹੋਵੇਗਾ।

IDA ਵਿਚ ਤਰਮੀਮ ਕਰਕੇ ਇਸ ਵਿਚ ਨਵਾਂ ਅਧਿਆਏ IIB ਜੋੜ ਦਿੱਤਾ ਗਿਆ ਹੈ ਜਿਸ ਰਾਹੀਂ ਹਸਪਤਾਲਾਂ ਤੇ ਵਿਦਿਅਕ ਸੰਸਥਾਵਾਂ ਆਦਿ ਨੂੰ ਸਨਅਤ ਦੇ ਘੇਰੇ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ। ਇੱਥੇ ਇਹ ਵਰਨਣਯੋਗ ਹੈ ਕਿ ਸੁਪਰੀਮ ਕੋਰਟ ਨੇ ਬੰਗਲੌਰ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਇਕ ਕੇਸ ਵਿਚ ਆਪਣੇ ਇਕ ਇਤਹਾਸਕ ਫੈਸਲੇ ਰਾਹੀਂ ਇਹਣਾਂ ਅਦਾਰਿਆਂ ਨੂੰ ਸਨਅਤੀ ਅਦਾਰਿਆਂ ਵਜੋਂ ਪਰਵਾਨ ਕੀਤਾ ਸੀ। ਇਥੇ ਹੀ ਬਸ ਨਹੀਂ, ਬਲਕਿ ਇਸ ਤਰਮੀਮ ਰਾਹੀਂ ਇਹਨਾਂ ਅਦਾਰਿਆਂ ਵਿਚ ਹੜਤਾਲ ਜਾਂ ਰੋਸ ਪ੍ਰਗਟਾਵੇ ਦੇ ਕਿਸੇ ਹੋਰ ਢੰਗ ਨੂੰ ਨਾ ਸਿਰਫ਼ ਗ਼ੈਰ ਕਾਨੂੰਨੀ ਹੀ ਕਰਾਰ ਦਿਤਾ ਜਾ ਰਿਹਾ ਹੈ ਸਗੋਂ ਕੁਝ ਹਾਲਤਾਂ ਵਿਚ ਸਜ਼ਾ ਯੋਗ ਅਪਰਾਧ ਵੀ ਬਣਾਇਆ ਜਾ ਰਿਹਾ ਹੈ।

ਇਸੇ ਤਰ੍ਹਾਂ ITUA ਆਫ 1926 ਵਿਚ ਤਰਮੀਮ

ਕਰਕੇ ਟਰੇਡ ਯੂਨੀਅਨ ਰਜਿਸਟਰਾਰ ਨੂੰ ਦੋ ਯੂਨੀਅਨਾਂ ਵਿਚਕਾਰ ਝਗੜਿਆਂ ਨੂੰ ਤਹਿ ਕਰਨ ਦੇ ਅਧਿਕਾਰ ਦਿਤੇ ਜਾ ਰਹੇ ਹਨ। ਟਰੇਡ ਯੂਨੀਅਨ ਰਜਿਸਟਰਾਰ ਨੂੰ ਕਿਸੇ ਵੀ ਯੂਨੀਅਨ ਦੀ ਮੈਂਬਰਸ਼ਿਪ ਤਸਦੀਕ ਕਰਨ ਤੋਂ ਲੈ ਕੇ ਉਸਦੀ ਮਾਨਤਾ ਤਕ ਰੱਦ ਕਰਨ ਦੇ ਅਧਿਕਾਰ ਬਖਸ਼ੇ ਜਾ ਰਹੇ ਹਨ।

ਪਹਿਲੀ ਤਰਮੀਮ ਰਾਹੀਂ ਹਸਪਤਾਲਾਂ ਅਤੇ ਦੂਜੀਆਂ ਸੰਸਥਾਵਾਂ ਨੂੰ ਇੰਡਸਟਰੀਅਲ ਡਿਸਪਿਊਟ ਐਕਟ ਦੇ ਘੇਰੇ ਵਿਚੋਂ ਕੱਢ ਲੈਣ ਤੋਂ ਬਾਅਦ, ਸਰਕਾਰ ਵਲੋਂ ਇਹਨਾਂ ਸੰਸਥਾਵਾਂ ਬਾਰੇ ਨਵਾਂ ਬਿਲ ਜੋ ਲਿਆਂਦਾ ਜਾ ਰਿਹਾ ਹੈ ਉਸ ਦੀ ਮੋਟੀ ਜਿਹੀ ਜਾਣਕਾਰੀ ਇਸ ਤਰ੍ਹਾਂ ਹੈ।

ਬਿਲ ਦਾ ਮੁਢਲਾ ਪਾਠ ਇਸ ਬਿਲ ਦੀ ਮਾਰ ਹੇਠ ਆਉਣ ਵਾਲੇ ਅਦਾਰਿਆਂ ਬਾਰੇ ਹੈ, ਜਿਸ ਮੁਤਾਬਿਕ ਇਹ ਬਿਲ ਹਸਪਤਾਲਾਂ, ਕਾਲਜਾਂ, ਯੂਨੀਵਰਸਿਟੀਆਂ ਖੋਜ ਸੰਸਥਾਵਾਂ ਅਤੇ ਹੋਰ ਅਜੇਹੇ ਅਦਾਰਿਆਂ ਤੇ ਸਾਰੀਆਂ ਸ਼ਰੇਣੀਆਂ ਦੇ ਕਰਮਚਾਰੀਆਂ ਤੇ ਲਾਗੂ ਹੋਵੇਗਾ। ਜਿਸਦਾ ਮਤਲਬ ਇਹ ਹੋਇਆ ਕਿ ਹਸਪਤਾਲਾਂ ਵਿਚ ਦਰਜਾ ਚਾਰ ਕਰਮਚਾਰੀਆਂ ਤੋਂ ਲੈ ਕੇ ਡਾਕਟਰਾਂ ਤਕ ਅਤੇ ਯੂਨੀਵਰਸਿਟੀਆਂ-ਕਾਲਜਾਂ ਅੰਦਰ ਨਾਨ ਟੀਚਿੰਗ ਸਟਾਫ ਤੋਂ ਲੈ ਕੇ ਪ੍ਰੋਫੈਸਰਾਂ ਤਕ ਸਾਰੇ ਕਰਮਚਾਰੀ ਇਸ ਬਿਲ ਦੀ ਮਾਰ ਹੇਠ ਹੋਣਗੇ। ਪਰ ਇਥੇ ਇਹ ਵਰਨਣ ਯੋਗ ਹੈ ਕਿ ਇਹ ਬਿਲ ਪ੍ਰਬੰਧਕੀ ਉੱਚ ਅਫਸਰਾਂ ਤੇ ਲਾਗੂ ਨਹੀਂ ਹੋਵੇਗਾ।

ਦੂਜਾ ਪਾਠ ਦੁਖ ਦੂਰ ਕਮੇਟੀਆਂ (Grievances Committees) ਅਤੇ ਸਲਾਹਕਾਰ ਕੌਂਸਲਾਂ Consultative Councils) ਬਾਰੇ ਹੈ। ਇਹਨਾਂ ਦੋਨਾਂ ਅਦਾਰਿਆਂ ਵਿਚ ਪ੍ਰਬੰਧਕਾਂ ਤੇ ਕਰਮਚਾਰੀਆਂ ਦੀ ਬਰਾਬਰ ਦੀ ਪ੍ਰਤੀਨਿਧਤਾ ਹੋਵੇਗੀ। ਦਿਲਚਸਪ ਗੱਲ ਇਹ ਹੈ ਕਿ ਇਹਨਾਂ ਅਦਾਰਿਆਂ ਦੀ ਅਮਲਦਾਰੀ ਅਤੇ ਕਾਇਦੇ ਕਾਨੂੰਨ ਪ੍ਰਬੰਧਕ ਤਹਿ ਕਰਨਗੇ।

ਤੀਜਾ ਪਾਠ ਟਰੇਡ ਯੂਨੀਅਨ ਦੀ ਮਾਨਤਾ ਨਾਲ ਸਬੰਧਤ ਹੈ ਜਿਸ ਮੁਤਾਬਿਕ ਕਿਸੇ ਵੀ ਯੂਨੀਅਨ ਲਈ ਮਾਨਤਾ ਹਾਸਲ ਕਰਨ ਲਈ 30% ਕਰਮਚਾਰੀਆਂ ਦੀ ਮੈਂਬਰਸ਼ਿਪ ਜ਼ਰੂਰੀ ਹੈ।

ਬਿਲ ਦਾ ਚੌਥਾ ਪਾਠ ਝਗੜਿਆਂ ਦੇ ਨਿਪਟਾਰੇ ਸਬੰਧੀ ਹੈ। ਵਿਅਕਤੀਗਤ ਝਗੜੇ (ਬਕਾਏ, ਮੁਅੱਤਲੀ ਆਦਿ) ਦੁਖ ਦੂਰ ਕਰੂ ਕਮੇਟੀਆਂ ਰਾਹੀਂ ਨਜਿੱਠੇ ਜਾਇਆ ਕਰਨਗੇ। ਪਰ ਇਸ ਤੋਂ ਪਹਿਲਾਂ ਸਬੰਧਤ ਵਿਅਕਤੀ ਅਧਿਕਾਰੀਆਂ ਦੁਆਰਾ ਬਣਾਏ ਗਏ ਅਸੂਲਾਂ ਮੁਤਾਬਿਕ ਝਗੜਾ ਨਿਪਟਾਉਣ ਦੀ ਕੋਸ਼ਿਸ਼ ਕਰੇਗਾ। ਪਰ ਜੇ ਇਹ ਕਮੇਟੀ ਵੀ ਝਗੜਾ ਨਾ ਨਿਬੇੜ ਸਕੇ ਤਾਂ ਇਹ ਸਾਲਸ ਕੋਲ ਭੇਜਿਆ ਜਾਵੇਗਾ। ਤਨਖਾਹਾਂ, ਭੱਤਿਆਂ, ਕੰਮ ਦੇ ਘੰਟੇ, ਛੁੱਟੀ ਅਤੇ ਡਾਕਟਰੀ ਸਹੂਲਤਾਂ ਨਾਲ ਸਬੰਧਤ ਮਸਲੇ ਸਲਾਹਕਾਰ ਕੌਂਸਲਾਂ ਤੇ ਫੇਰ ਸਾਲਸ ਕੋਲ ਜਾਇਆ ਕਰਨਗੇ। ਸਾਲਸ ਦਾ ਫੈਸਲਾ ਅੰਤਮ ਹੋਵੇਗਾ ਅਤੇ ਇਹ 30 ਦਿਨਾਂ ਅੰਦਰ ਲਾਗੂ ਕੀਤਾ ਜਾਵੇਗਾ। ਪਰ ਸਰਕਾਰੀ ਅਦਾਰੇ ਲਈ ਵਕਤ ਦੀ ਬੰਦਸ਼ ਲਾਗੂ ਨਹੀਂ ਹੋਵੇਗੀ। ਸਿਰੇ ਦੀ ਗੱਲ ਇਹ ਕਿ ਸਰਕਾਰ ਨੂੰ ਸਾਲਸ ਦੇ ਫੈਸਲੇ ਨੂੰ ਬਦਲਣ ਜਾਂ ਇਥੋਂ ਤੱਕ ਕਿ ਮੁਕੰਮਲ ਤੌਰ ਤੇ ਰੱਦ ਕਰਨ ਦਾ ਅਧਿਕਾਰ ਹੋਵੇਗਾ। ਦੂਜੇ ਸ਼ਬਦਾਂ ਵਿਚ ਇਹ ਫੈਸਲੇ ਸਿਰਫ ਕਾਮਿਆਂ ਤੇ ਹੀ ਲੱਦੇ ਜਾਇਆ ਕਰਨਗੇ। ਇਸੇ ਪਾਠ ਦੀ ਧਾਰਾ ਨੰ. 19 ਵਿਚ ਹੜਤਾਲਾਂ, ਘਿਰਾਓ, ਕਾਨੂੰਨ ਮੁਤਾਬਿਕ ਕੰਮ ਕਰਨ ਜਾਂ ਹੌਲੀ ਕਰਨ ਵਰਗੇ ਸੰਘਰਸ਼ ਦੇ ਰੂਪਾਂ ਤੇ ਪਾਬੰਧੀ ਲਾਉਣ ਦੀ ਵਿਵਸਥਾ ਕੀਤੀ ਗਈ ਹੈ।

ਪੰਜਵਾਂ ਪਾਠ ਜੁਰਮਾਨੇ ਤੇ ਸਜ਼ਾਵਾਂ ਨਿਰਧਾਰਤ ਕਰਦਾ ਹੈ ਜਿਸ ਮੁਤਾਬਿਕ ਹੜਤਾਲ ਜਾਂ ਤਾਲਾਬੰਦੀ ਕਰਨ ਵਾਲੇ ਲਈ 6 ਮਹੀਨੇ ਦੀ ਕੈਦ ਅਤੇ 5000 ਰੁਪਿਆ ਜੁਰਮਾਨਾ ਕੀਤਾ ਜਾ ਸਕੇਗਾ। ਪਰ ਇਸ ਮਾਮਲੇ ਵਿਚ ਅਦਾਲਤ ਸਰਕਾਰ ਦੀ ਸ਼ਿਕਾਇਤ ਤੇ ਹੀ ਦਖਲ ਦੇਵੇਗੀ। ਜਿਸ ਦਾ ਮਤਲਬ ਇਹ ਹੈ ਕਿ ਕਿਸਦੇ ਖਿਲਾਫ ਅਦਾਲਤ ਵਿਚ ਜਾਣਾ ਹੈ ਤੇ ਕਿਸਦੇ ਨਹੀਂ, ਇਸ ਗੱਲ ਦਾ ਫੈਸਲਾ ਵੀ ਸਰਕਾਰ ਦੇ ਹੱਥ ਹੋਵੇਗਾ। ਪਿਛਲਾ ਤਜਰਬਾ ਇਹ ਯਕੀਨ ਕਰਨ ਲਈ ਕਾਫੀ ਹੈ ਕਿ ਸਰਕਾਰ ਇਸ ਮਾਮਲੇ ਵਿਚ ਕਾਮਿਆਂ ਦੇ ਨਹੀਂ ਬਲਕਿ ਪ੍ਰਬੰਧਕਾਂ ਦੇ ਹੱਕ ਵਿਚ ਹੀ ਭੁਗਤੇਗੀ। ਬਿਲ ਦੇ ਛੇਵੇਂ ਪਾਠ ਵਿਚ ਫੁਟਕਲ ਧਾਰਾਵਾਂ ਹਨ ਜਿਹਨਾਂ ਦਾ ਸਾਰ ਤੱਤ ਇਹ ਹੈ ਕਿ ਇਸ ਬਿਲ ਤਹਿਤ ਪ੍ਰਬੰਧਕਾਂ ਵਲੋਂ ਕੀਤੇ ਕਿਸੇ ਵੀ ਫੈਸਲੇ ਵਿਰੁਧ ਅਦਾਲਤ ਵਿਚ ਉਜਰ ਨਹੀਂ ਕੀਤੀ ਜਾ ਸਕੇਗੀ।

ਦੋਸਤੋ ਇਸ ਤਰ੍ਹਾਂ ਇਹ ਬਿਲ ਇਹਨਾਂ ਅਦਾ-ਰਿਆਂ ਵਿਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਦੀ ਜਮਹੂਰੀ ਲਹਿਰ ਨੂੰ ਕੁਚਲਣ ਲਈ ਹਾਕਮਾਂ ਦੇ ਹੱਥ ਵਿਚ ਇਕ ਤਕੜਾ ਹਥਿਆਰ ਹੋਵੇਗਾ। ਟਰੇਡ ਯੂਨੀਅਨ ਲਹਿਰ ਵਿਚ ਇਹ ਇਕ ਅਜੇਹੇ ਲੰਬੇ ਟੇਡੇ ਮੇਢੇ ਕਰਨ ਅਤੇ ਸਮੂਹਿਕ ਸੌਦੇਬਾਜ਼ੀ ਦੇ ਅਧਿਕਾਰ ਨੂੰ ਪੈਰਾਂ ਹੇਠ ਲਤਾੜ ਦੇਵੇਗਾ। ਇਸ ਅਮਲ ਦੇ ਨਤੀਜੇ ਕਰਮਚਾਰੀਆਂ ਤੇ ਤਾ ਠੋਸੇ ਜਾਣਗੇ ਪਰ ਪ੍ਰਬੰਧਕਾਂ ਦੀਆਂ ਮਨਮਰਜ਼ੀਆਂ ਤੇ ਧੱਕੇਸ਼ਾਹੀਆਂ ਖਿਲਾਫ ਆਵਾਜ਼ ਬੁਲੰਦ ਕਰਨ ਦਾ

ਅਧਿਕਾਰ ਖੋਹ ਲਿਆ ਜਾਵੇਗਾ। ਇਥੇ ਹੀ ਬੱਸ ਨਹੀਂ ਉਹਨਾਂ ਦੇ ਹੱਕਾਂ ਨੂੰ ਅਪਰਾਧ ਬਣਾ ਦਿੱਤਾ ਜਾਵੇਗਾ ਅਤੇ ਉਹਨਾਂ ਦਾ ਇਕੋ ਇਕ ਸਹਾਰਾ-ਉਨ੍ਹਾਂ ਦੀ ਜਥੇਬੰਦ ਸ਼ਕਤੀ-ਉਹਨਾਂ ਦੀ ਯੂਨੀਅਨ ਦੀ ਮਾਨਤਾ ਵੀ ਸਰਕਾਰੀ ਰਹਿਮ ਉੱਤੇ ਹੋਵੇਗੀ।

ਦੋਸਤੋ ਆਰਥਕ-ਸਮਾਜਿਕ ਇਨਸਾਫ ਹਾਸਲ ਕਰਨ ਲਈ ਲੋਕ ਸ਼ੌਕੀਆ ਤੌਰ ਤੇ ਸੰਘਰਸ਼ਾਂ ਦੇ ਰਾਹ ਨਹੀਂ ਪੈਂਦੇ; ਸਗੋਂ ਅਜੇਹਾ ਕਰਨਾ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਵਿਚੋਂ ਪੈਦਾ ਹੋਈ ਉਹਨਾਂ ਦੀ ਅਣ-ਸਰਦੀ ਲੋੜ ਹੁੰਦੀ ਹੈ। ਆਉਣ ਵਾਲੀਆਂ ਸੰਕਟਮਈ ਹਾਲਤਾਂ ਵਿਚ ਲੋਕਾਂ ਦੀ ਇਸ ਲੋੜ ਨੇ ਹੋਰ ਪਰਚੰਡ ਹੋਣਾ ਹੈ ਤੇ ਨਵੀਆਂ ਸਿਖਰਾਂ ਛੂਹਣੀਆਂ ਹਨ। ਇਸ ਲਈ ਜਮਹੂਰੀ ਅਧਿਕਾਰ ਸਭਾ ਇਹਨਾਂ ਅਦਾਰਿਆਂ ਵਿਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਅਤੇ ਖਾਸ ਕਰਕੇ ਜਮਹੂਰੀ ਲਹਿਰ ਦੇ ਵਿਕਾਸ ਵਿਚ ਤਹਿ ਦਿਲੋਂ ਦਿਲਚਸਪੀ ਰਖਣ ਵਾਲੇ ਸਾਰੇ ਜਮਹੂਰੀਅਤ ਪਸੰਦ ਦੋਸਤਾਂ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਮੁਲਾਜ਼ਮ ਵਿਰੋਧੀ ਇਸ ਜਾਬਰ ਕਾਨੂੰਨੀ ਸਾਜਸ਼ ਵਿਰੁੱਧ ਤਕੜੀ ਲੋਕ ਰਾਇ ਲਾਮਬੰਦ ਕਰਨ ਤਾਂ ਜੋ ਹਾਕਮਾ ਉਤੇ ਇਸ ਕਾਨੂੰਨ ਦੇ ਵਾਪਸ ਲੈਣ ਲਈ ਤਕੜਾ ਲੋਕ-ਦਬਾਅ ਪਾਇਆ ਜਾ ਸਕੇ ਦੋਸਤੋ, ਆਉ, ਅਸੀਂ ਹਰ ਹਸਪਤਾਲ ਯੂਨੀਵਰਸਟੀ, ਹਰ ਕਾਲਜ ਦੇ ਅਹਾਤਿਆਂ ਵਿਚੋਂ ਇਸ ਕਾਨੂੰਨ ਦੇ ਖ਼ਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਹੋਏ ਸਰਕਾਰ ਨੂੰ ਇਹ ਸੁਨਾਉਣੀ ਕਰੀਏ ਕਿ ਸਾਡੀ ਕਿਸਮਤ ਦਾ ਫੈਸਲਾ ਤੁਸੀਂ ਪਾਰਲੀਮੈਂਟ ਜਾ ਅਸੈਂਬਲੀਆ ਵਿਚ ਨਹੀਂ ਕਰ ਸਕਦੇ ! ਇਹ ਫੈਸਲਾ ਅਸੀਂ ਲੋਕਾਂ ਨੇ ਜ਼ੋ ਇਹਨਾਂ ਅਦਾਰਿਆਂ ਅੰਦਰ ਸ਼ਰੀਰਕ, ਬੌਧਿਕ ਮਿਹਨਤ ਕਰਦੇ ਹਾਂ, ਜੋ ਇਹਨਾਂ ਅਦਾਰਿਆਂ ਦੀ ਚਾਲਕ ਸ਼ਕਤੀ ਹਾਂ, ਅਸੀਂ ਕਰਨਾਂ ਹੈ !

ਜਮਹੂਰੀ ਅਧਿਕਾਰ ਸਭਾ ਇਹਨਾਂ ਅਦਾਰਿਆਂ ਅੰਦਰ ਕੰਮ ਕਰਨ ਵਾਲੀ ਸਾਰੀਆਂ ਵਰਗੀ ਜਥੇ-ਬੰਦੀਆਂ ਨੂੰ ਵੀ ਜ਼ੋਰਦਾਰ ਅਪੀਲ ਕਰਦੀ ਹੈ ਕਿ ਉਹ ਆਰਥਕ ਮੰਗਾਂ ਲਈ ਸੰਘਰਸ਼ ਕਰਨ ਦੇ ਨਾਲ ਨਾਲ ਜਮਹੂਰੀ ਹੱਕਾਂ ਤੇ ਪੈਂਦੇ ਇਹਨਾਂ ਬੁਨਿਆਦੀ ਛਾਪਿਆਂ ਦੇ ਖ਼ਿਲਾਫ ਫੌਰੀ ਤੌਰ ਤੇ ਜ਼ੋਰ ਨਾਲ ਹਰਕਤ ਵਿਚ ਆਂਉਣ ਕਿਉਂਕਿ ਸੰਘਰਸ਼ ਕਰਨ ਦੇ ਬੁਨਿਆਦੀ ਹੱਕ ਤੇ ਬੰਦਸ਼ਾਂ ਲਗ ਜਾਣ ਨਾਲ ਉਨ੍ਹਾਂ ਦੀਆਂ ਆਰਥਿਕ ਮੰਗਾਂ ਲਈ ਸੰਘਰਸ਼ ਬੇਅਰਥ ਹੀ ਨਹੀਂ ਸਗੋਂ ਅਸੰਭਵ ਵੀ ਹੋ ਜਾਣਗੇ।

ਪ੍ਰੋ: ਜਗਮੋਹਨ ਸਿੰਘ, ਪ੍ਰਧਾਨ
ਡਾ: ਧਰਮਵੀਰ, ਜਨਰਲ ਸਕਤ੍ਰ
ਜਮਹੂਰੀ ਅਧਿਕਾਰ ਸਭਾ, ਪੰਜਾਬ।
838 ਕ੍ਰਿਸ਼ਨਾ ਨਗਰ, ਲੁਧਿਆਣਾ

## 6. ਸਾਬਕਾ ਫੌਜੀ

ਸਾਬਕਾ ਫੌਜੀਆਂ ਦੀ ਸਿਆਸਤ ਵਿਚ ਦਖਲ-ਅੰਦਾਜ਼ੀ ਦੇਸ਼ ਦੀ ਸਿਆਸਤ ਲਈ ਇਕ ਸ਼ੁਭ ਸ਼ਗਨ ਹੈ ਭਾਵੇਂ ਜਿਸ ਮੰਤਵ ਲਈ ਉਹਨਾਂ ਨੇ ਹੁਣ ਦਖਲ-ਅੰਦਾਜ਼ੀ ਕੀਤੀ ਹੈ, ਉਹ ਉਹਨਾਂ ਮੰਤਵਾਂ ਤੋਂ ਬਹੁਤ ਛੋਟਾ ਹੈ, ਜਿਸ ਬਾਰੇ ਬਹੁਤ ਚਿਰ ਪਹਿਲਾਂ ਉਹਨਾਂ ਨੂੰ ਦਖਲ-ਅੰਦਾਜ਼ੀ ਕਰਨੀ ਚਾਹੀਦੀ ਸੀ—35 ਸਾਲਾਂ ਦੇ ਅਰਸੇ ਵਿਚ ਸਾਡੇ ਫੌਜੀਆਂ ਨੂੰ 1947, 1962, 1965, 1971 ਤੇ ਇਸ ਤੋਂ ਇਲਾਵਾ ਹੈਦਰਾਬਾਦ, ਗੋਆ, ਆਦਿਕ ਦੀਆਂ ਲੜਾਈਆਂ ਵਿਚ ਦੇਸ਼ ਦੀ ਅਣਖ ਤੇ ਇਜ਼ਤ ਖਾਤਿਰ ਆਪਣੀਆਂ ਜਾਨਾਂ ਦੀ ਅਹੂਤੀ ਦੇਣੀ ਪਈ ਹੈ, ਜਦੋਂ ਕਿ ਉਹਨਾਂ ਦੇ ਆਪਣੇ ਇਲਾਕੇ ਵਿਚ, ਪਿੰਡਾਂ ਵਿਚ ਸ਼ਹਿਰਾਂ ਵਿਚ ਸਰਕਾਰੀ ਪਾਰਟੀ ਦੇ ਚਿਟ-ਕਪੜੀਏ ਸਿਆਸਤਦਾਨ ਦੇਸ਼ ਦੀ ਇਜ਼ਤ ਨੂੰ ਪੈਰਾਂ ਥਲੇ ਰੋਲਦੇ ਰਹੇ ਹਨ। ਦੁਨੀਆਂ ਵਿਚ ਕਿਹੜੀ ਬੇਈਮਾਨੀ ਹੈ, ਜਿਹੜੀ ਇਹਨਾਂ ਚਿੱਟ ਕਪੜੀਏ ਸਿਆਸਤਦਾਨ ਨੇ ਨਹੀਂ ਕੀਤੀ ? (ਇਥੇ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਬੇਈਮਾਨੀ ਸਿਰਫ ਚਿਟ ਕਪੜੀਏ ਸਿਆਸਤਦਾਨਾਂ ਨੇ ਹੀ ਕੀਤੀ ਹੈ, ਜਿਹੜੇ ਕਦੀ ਕਦੀ ਵਿਚ ਵਿਚ ਨੀਲੀਆਂ ਵੀ ਬੰਨ੍ਹ ਲੈਂਦੇ ਰਹੇ ਹਨ ਹੋਰ ਕਿਸੇ ਨੇ ਨਹੀਂ ਕੀਤੀ) ਤੇ ਇਹੋ ਹੀ ਲੋਕ ਰਹੇ ਹਨ, ਜਿਨ੍ਹਾਂ ਨੇ ਦੇਸ਼ ਭਗਤੀ ਦੇ ਸਭ ਤੋਂ ਵਧ ਵਖਿਆਣ ਲੋਕਾਂ ਨੂੰ ਦਿਤੇ ਹਨ। ਲੋਕਾਂ ਨੂੰ ਵੱਖਵਾਦੀ ਕਹਿੰਦੇ ਹਨ, ਪਰ ਆਪਣੀ ਲੁੱਟ ਵਾਸਤੇ ਦੇਸ਼ ਦੇ ਟੋਟੇ ਟੋਟੇ ਕਰਦੇ ਹਨ। ਪੰਜਾਬ ਦੀ ਕਣਕ ਰਾਜਸਥਾਨ ਨਹੀਂ ਜਾ ਸਕਦੀ, ਅਸਾਮ ਦਾ ਤੇਲ ਇਹਨਾਂ ਦੀ ਇਜਾਜਤ ਬਿਨਾਂ ਪੰਜਾਬ ਨਹੀਂ ਆ ਸਕਦਾ। ਅਥਾਹ ਕਿਸਮ ਦੀ ਲੁੱਟ ਇਹਨਾਂ ਮਚਾਈ ਹੋਈ ਹੈ। ਫੌਜੀਆਂ ਤੇ ਸਾਬਕਾ ਫੌਜੀਆਂ ਦਾ ਹੱਕ ਬਣਦਾ ਹੈ ਕਿ ਉਹ ਦੇਸ਼ ਵਿਚ ਹਨੇਰ ਗਰਦੀ ਬਾਰੇ ਫਿਕਰਮੰਦ ਹੋਣ। ਇਹ ਅੰਗਰੇਜ਼ਾਂ ਵੇਲੇ ਦੀਆਂ ਰਵਾਇਤਾਂ ਸਨ ਜੋ ਫੌਜ ਨੂੰ ਸਾਧਾਰਨ ਲੋਕਾਂ ਨਾਲ ਮਿਲਣ ਜੁਲਣ ਨਹੀਂ ਦੇਂਦੇ ਸਨ। ਦੇਸ਼ ਦੀ ਰਖਿਆ ਦੇਸ਼ ਭਗਤ ਫੌਜੀ ਹੀ ਕਰ ਸਕਦੇ ਹਨ ਤੇ ਦੇਸ਼ਭਗਤ ਫੌਜੀ ਉਹੀ ਹੋਵੇਗਾ ਜੋ ਦੇਸ਼ ਵਿਚੋਂ ਇਹ ਲੁੱਟ ਕਰਦੇ ਹੋਏ ਦੇਸ਼ ਦੁਸ਼ਮਣਾਂ ਨੂੰ ਪਛਾਣੇ। ਹਾਲੀ ਤਕ ਉਹਨਾਂ ਨੂੰ ਇਹੀ ਸਿਖਾਇਆ ਗਿਆ ਹੈ ਕਿ ਜਿਹੜੇ ਸਰਕਾਰ ਦੁਸ਼ਮਣ ਹਨ, ਉਹੀ ਦੇਸ਼ ਦੁਸ਼ਮਣ ਹਨ ਪਰ ਇਹ ਪਰਦਾ ਹੁਣ ਹੌਲੇ ਹੌਲੇ ਪਾਟ ਰਿਹਾ ਹੈ ਅਤੇ ਸਾਡੇ ਫੌਜੀ ਵੀਰ ਵੀ ਵੇਖ ਰਹੇ ਹਨ ਕਿ ਅਸਲ ਦੇਸ਼ ਭਗਤ ਉਹ ਲੋਕ ਹਨ, ਜੋ ਪਿੰਡਾਂ ਵਿਚ, ਸ਼ਹਿਰਾਂ ਵਿਚ, ਬੇਈਮਾਨ ਸਿਆਸੀ ਸਿਸਟਮ ਦੇ ਵਿਰੁਧ ਉਠ ਰਹੇ ਹਨ। ਫਰਾਂਸ

ਦੇ ਇਨਕਲਾਬ ਵੇਲੇ ਯੂਜੀਨ ਪੋਤੀਏ ਨੇ ਮਜ਼ਦੂਰਾਂ ਦੇ ਇੰਟਰਨੈਸਨਲ ਗੀਤ ਵਿਚ ਇਹ ਲਾਈਨਾਂ ਲਿਖੀਆਂ ਸਨ :—

ਫੌਜੀਓ ਜਵਾਨੋ ਜਾਣੋ ਹਲਚਲ ਨੂੰ
ਮੋੜ ਲਓ ਬੰਦੂਕਾਂ ਹਾਕਮਾਂ ਦੇ ਵਲ ਨੂੰ
ਜਿਨ੍ਹਾਂ ਦੀਆਂ ਗੋਦਾਂ ਵਿਚ ਜੰਮੇ ਪਲੇ ਹੋ
ਲੋਕਾਂ ਦੇ ਜਾਇਓ, ਲੋਕਾਂ ਨੂੰ ਨਾ ਮਾਰਿਓ ।

ਜ਼ੁਲਮ ਜਬਰ ਦੇ ਵਿਰੁਧ ਹਿੰਦੁਸਤਾਨ ਦੇ ਲੋਕ ਥਾਂ ਥਾਂ ਤੇ ਸੰਘਰਸ਼ ਕਰ ਰਹੇ ਹਨ, ਨੀਫਾ ਤੋਂ ਲੈ ਕੇ ਲਦਾਖ ਤਕ । ਬੇਈਮਾਨ ਹਾਕਮਾਂ ਦੀ ਸਭ ਤੋਂ ਵੱਡੀ ਟੇਕ ਫੌਜੀਆਂ ਉਤੇ ਹੈ । ਸਾਬਕਾਂ ਫੌਜਾਂਆਂ ਦੀ ਸਿਆਸਤ ਵਿਚ ਦਖ਼ਲਅੰਦਾਜ਼ੀ ਇਸ ਟੇਕ ਵਾਲੀ ਤਾਕਤ ਵਿਚ ਤਰੇੜ ਦਾ ਪਰਤੀਕ ਹੈ, ਜਿਸ ਨੂੰ ਹਰ ਲੋਕ-ਪੱਖੀ ਵਿਅਕਤੀ ਨੂੰ ਸ਼ੁਭ ਸ਼ਗਨ ਸਮਝਣਾ ਚਾਹੀਦਾ ਹੈ । ਅਜ ਉਹ ਇਕ ਨਿਕੇ ਜਾਂ ਸੌੜੇ ਮੰਤਵ ਲਈ ਅਗੇ ਆਏ ਹਨ, ਕਲ੍ਹ ਉਹ ਵਡੇ ਮੰਤਵਾਂ ਲਈ ਵੀ ਅਗੇ ਆ ਸਕਦੇ ਹਨ ਤੇ ਇਸ ਤਰਾਂ ਦੇਸ਼ ਦੀ ਤਕਦੀਰ ਬਦਲਣ ਵਿਚ ਆਪਣਾਂ ਹਿਸਾ ਪਾ ਸਕਦੇ ਹਨ । ਬੰਦੂਕਾਂ ਉਹਨਾਂ ਤੋਂ ਵਧੀਆ ਹੋਰ ਕੌਣ ਫੜ ਸਕਦਾ ਹੈ ?

## 7. ਸੈਕਸ ਸਕੈਂਡਲ

ਸਰਕਾਰੀ, ਨੀਮ ਸਰਕਾਰੀ, ਗ਼ੈਰ ਸਰਕਾਰੀ ਅਦਾਰਿਆਂ ਵਿਚ ਇਕ ਗਲ ਜੋ ਸਾਂਝੀ ਹੈ, ਉਹ ਇਹ ਹੈ ਕਿ ਕੁਰਸੀ ਤੇ ਬੈਠੇ ਲੋਕ ਆਪਣੇ ਰੁਤੱਬੇ ਦਾ ਫਾਇਦਾ ਉਠਾਕੇ ਆਪਣੇ ਥਲੇ ਕੰਮ ਕਰ ਰਹੀਆਂ ਔਰਤਾਂ ਅਤੇ ਕੁੜੀਆਂ ਦੀ ਇਜ਼ਤ ਨਾਲ ਖੇਡਣਾ ਆਪਣਾ ਸ਼ੁਗਲ ਸਮਝਦੇ ਹਨ । ਇਸ ਸ਼ੁਗਲ ਦੀ ਤਾੜ ਵਿਚ ਉਹ ਕੁੜੀਆਂ ਨੂੰ ਭਰਤੀ ਕਰਨ ਵੇਲੇ ਹੀ ਲਗ ਜਾਂਦੇ ਹਨ । ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅਜਕਲ ਕੁਝ ਸੈਕਸ ਸਕੈਂਡਲਾਂ ਦਾ ਚਰਚਾ ਹੈ । ਕੁਝ ਯੂਨੀਵਰਸਟੀ ਅਧਿਕਾਰੀ ਕਿਸੇ ਹੋਟਲ ਵਿਚ ਗ਼ਲਤ ਹਾਲਤ ਵਿਚ ਫੜੇ ਵੀ ਗਏ ਹਨ । ਬੁਧੀ-ਜੀਵੀਆਂ ਦੇ ਇਸ ਅਦਾਰੇ ਵਿਚ ਉਹਨਾਂ ਸੁਹਿਰਦ ਟੀਚਰਾਂ ਨੂੰ ਚੈਲਿੰਜ ਹੈ ਕਿ ਉਹ ਆਪਣੇ ਆਪਣੇ ਕੈਬਿਨਾਂ ਵਿਚ ਬੈਠੇ ਹਰ ਇਕ ਗਲ ਅਨਡਿੱਠ ਨਾ ਕਰ ਦੇਣ ਅਤੇ ਜੁਰਅਤ ਨਾਲ ਗ਼ਲਤ ਵਿਅਕਤੀਆਂ ਉਤੇ ਉਂਗਲ ਰਖਕੇ ਉਹਨਾਂ ਦਾ ਜੀਣਾ ਮੁਸ਼ਕਿਲ ਕਰਨ । ਇਹ ਸਮਾਜਕ ਫਰਜ਼ ਉਹਨਾਂ ਨੂੰ ਨਿਭਾਣਾ ਚਾਹੀਦਾ ਹੈ ।

## 8. ਲੋਕ-ਪੱਖੀ ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਸਨਮਾਨ :

19 ਦਸੰਬਰ ਅਤੇ 26 ਦਸੰਬਰ ਨੂੰ ਪੰਜਾਬੀ ਸਾਹਿਤ ਸਭਾ ਤਪਾ ਅਤੇ ਪੰਜਾਬ ਸਾਹਿਤ ਸਭਾ ਕੋਟ-ਕਪੂਰਾ ਨੇ ਲੋਕ-ਪੱਖੀ ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਸਨਮਾਨ ਕੀਤਾ । ਸਨਮਾਨੇ ਜਾਣ ਵਾਲੇ ਵਿਅਕਤੀਆਂ ਵਿਚੋਂ ਕਿਉਂਕਿ ਮੈਂ ਆਪ ਇਕ ਸਾਂ, ਇਸ ਲਈ ਇਹਨਾਂ ਕਾਲਮਾਂ ਰਾਹੀਂ ਜਿਥੇ ਮੈਂ ਇਹਨਾਂ ਸਾਹਿਤ ਸਭਾਵਾਂ ਦਾ ਧੰਨਵਾਦੀ ਹਾਂ, ਉਥੇ ਮੈਂ ਉਹ ਸ਼ਬਦ ਵੀ ਦੁਹਰਾਣਾ ਚਾਹੁੰਦੇ ਹਾਂ ਕਿ ਇਹ ਸਨਮਾਨ ਅਸਲ ਵਿਚ ਮੇਰਾ ਨਹੀਂ, ਸਗੋਂ ਉਸ ਲੋਕ-ਪਖੀ ਕਲਾ ਦਾ ਹੈ, ਜਿਸ ਨੂੰ ਪ੍ਰਫੁਲਤ ਕਰਨ ਲਈ ਸਾਰੇ ਲੋਕ-ਪੱਖੀ ਕਲਾਕਾਰ ਜੁਟੇ ਹੋਏ ਹਨ । ਕੋਟ ਕਪੂਰਾ ਵਿਖੇ ਦੇਵਿੰਦਰ ਸਤਿਯਾਰਥੀ ਹੋਰਾਂ ਨੂੰ ਢੁਡੀਕੇ ਟਰੱਸਟ ਵਲੋਂ ਬਲਰਾਜ ਸਾਹਨੀ ਸਨਮਾਨ ਵੀ ਦਿਤਾ ਗਿਆ । ਉਹਨਾਂ ਦੀ ਦੇਣ ਨੂੰ ਇਹਨਾਂ ਸ਼ਬਦਾਂ ਵਿਚ ਆਖਿਆ ਗਿਆ ਕਿ ਜਦੋਂ 1935 ਦੇ ਨੇੜੇ ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ ਜੀ ਦੀਆਂ ਰਵੈਤਾਂ ਪ੍ਰਚਲਤ ਸਨ ਕਿ ਕਵਿਤਾ ਰਮਣੀਕ ਆਲੇ ਦੁਆਲੇ ਵਿਚ ਹੀ ਰੱਚੀ ਜਾ ਸਕਦੀ ਹੈ ਤਾਂ ਦੇਵਿੰਦਰ ਸਤਿਯਾਰਥੀ ਨੇ ਲੋਕ ਬੋਲੀਆਂ 'ਗਿੱਧਾ' ਨਾਂ ਦੀ ਕਿਤਾਬ ਵਿਚ ਜਮਾਂ ਕਰਕੇ ਅਚੇਤ ਹੀ ਸਾਬਤ ਕਰ ਦਿਤਾ ਕਿ ਖੇਤਾਂ ਦੇ ਵੱਟਾਂ ਤੇ ਕੰਮ ਕਰਦੇ ਜੱਟ ਅਤੇ ਭੱਤਾ ਲਿਜਾਂਦੀਆਂ ਮੁਟਿਆਰਾਂ ਵੀ ਕਵਿਤਾ ਦੀਆਂ ਬੇਹਤਰੀਨ ਸਤਰਾਂ ਰੱਚ ਸਕਦੀਆਂ ਹਨ । ਸਾਹਿਤ ਸਭਾ ਕੋਟਕਪੂਰਾਂ ਵਲੋਂ ਪ੍ਰੋ: ਕਿਸ਼ਨ ਸਿੰਘ ਹੋਰਾਂ ਦਾ ਵੀ ਸਨਮਾਨ ਕੀਤਾ ਗਿਆ । ਗੁਰਬਾਣੀ ਦੀ ਇਕ ਨਵੇਂ ਕੋਣ ਤੋਂ ਵਿਆਖਿਆ ਅਤੇ ਉਸਨੂੰ ਇਨਕਲਾਬ ਦੇ ਪੈਂਤੜੇ ਲਈ ਪ੍ਰੇਰਨਾ-ਸਰੋਤ ਸਿਧ ਕਰਨ ਵਿਚ ਉਹਨਾਂ ਦੀ ਵੱਡਮੁਲੀ ਦੇਣ ਨੂੰ ਸਲਾਹਿਆ ਗਿਆ ।

ਤੱਪਾ ਵਿਖੇ ਵੀ ਅਤੇ ਕੋਟਕਪੂਰਾ ਵਿਖੇ ਬਹਿਸ ਅਧੀਨ ਪਰਚਾ ਪ੍ਰੋ. ਸੁਰਿੰਦਰ ਸਿੰਘ ਨਰੂਲਾ ਹੋਰਾਂ ਦਾ ਰਿਹਾ ਜਿਨ੍ਹਾਂ ਨੇ ਪੰਜਾਬੀ ਆਲੋਚਨਾਂ ਵਿਚ ਮਾਰਕਸਵਾਦੀ ਵਿਧੀ ਦੀ ਗੱਲ ਕੀਤੀ । ਉਹਨਾਂ ਨੇ ਇਹ ਧਾਰਨਾ ਪੇਸ਼ ਕੀਤੀ ਕਿ ਮਾਰਕਸਵਾਦ ਹੀ ਸਮਾਜ ਕਲਿਆਣ ਲਈ ਇਕੋ ਇਕ ਦ੍ਰਿਸ਼ਟੀ ਕੋਣ ਹੈ ਪਰ ਵਿਸ਼ੇਸ਼ ਹਾਲਤਾਂ ਵਿਚ ਇਸ ਨੂੰ ਲਾਗੂ ਕਰਨ ਲਗਿਆਂ ਆਲੇ ਦੁਆਲੇ ਦੀਆਂ ਕਦਰਾਂ ਕੀਮਤਾਂ ਅਤੇ ਸਭਿਆਚਾਰ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਹੋਵੇਗਾ । ਅਧਿਆਤਮਵਾਦ ਅਤੇ ਮਾਰਕਸ਼ਵਾਦ ਦਾ ਕੋਈ ਸੁਮੇਲ ਨਹੀਂ ਪਰ ਪੰਜਾਬ ਵਿਚ ਗੁਰੂ ਸਾਹਿਬਾਨ ਦੀ ਦੇਣ ਨਿਰੀ ਅਧਿਆਤਮਵਾਦ ਦੇ ਰੂਪ ਵਿਚ ਨਹੀਂ, ਸਗੋਂ ਸਮਾਜਕ ਸੰਘਰਸ਼ ਦੇ ਰੂਪ ਵਿਚ ਵੀ ਹੈ ਤੇ ਇਸ ਲਈ ਸਿਖ ਇਤਿਹਾਸ ਨੂੰ ਮਾਰਕਸਵਾਦੀ ਪ੍ਰੇਰਨਾ ਸਰੋਤ ਬਨਾਉਣ ਤਾਂ ਇਸ ਵਿਚ ਕੁਝ ਵੀ ਗ਼ਲਤ ਨਹੀਂ ਹੋਵੇਗਾ । ਉਠੇ ਸਵਾਲਾਂ ਵਿਚ ਇਕ ਧਾਰਨਾ ਇਹ ਵੀ ਸੀ ਕਿ ਅਧਿਆਤਮਵਾਦ ਵੀ ਇਕ ਸਮੇਂ ਦੀ ਇਤਹਾਸਕ ਲੋੜ ਸੀ । ਬਾਬਾ ਨਾਨਕ, ਭਗਤ ਕਬੀਰ ਆਦਿਕ ਜੇਕਰ ਅਧਿਆਤਮਵਾਦ ਨੂੰ ਬੁਨਿਆਦ ਬਣਾ ਕੇ ਸਮਾਜ ਵਿਚ ਵਿਚਰੇ ਤਾਂ ਅਧਿਆਤਮਵਾਦ ਦੀ ਉਸ ਪ੍ਰਸੰਗ ਵਿਚ ਵੀ ਵਿਆਖਿਆ ਹੋਣੀ ਚਾਹੀਦੀ ਹੈ ਤੇ ਉਸ ਪ੍ਰਸੰਗ ਵਿਚ ਅਧਿਆਤਮਵਾਦ ਦੀ ਭੂਮਿਕਾ ਲੋਕ-ਪੱਖੀ ਸੀ, ਲੋਕ ਦੁਸ਼ਮਣ ਨਹੀਂ ਸੀ । ਇਹਨਾਂ ਸਾਹਿਤ ਸਭਾਵਾਂ ਵਿਚ ਜੋ ਸਵਾਲ ਉਠੇ ਹਨ, ਪੰਜਾਬੀ ਚਿੰਤਣ ਵਿਚ ਇਹ ਮਹੱਤਵਪੂਰਣ ਹਨ ।

—ਗੁਰਸ਼ਰਨ ਸਿੰਘ

ਕਹਾਣੀ

# ਸਾਰੋ-ਛੈ*

ਲਾਲ ਸਿੰਘ

1

ਤੰਗ-ਗਲੀਆਂ ਬਾਜ਼ਾਰਾਂ ਤੇ ਤਿੰਨ-ਤਿੰਨ ਚਾਰ-ਚਾਰ ਮੰਜ਼ਲੇ ਘਰਾਂ ਵਾਲੇ ਸ਼ਹਿਰ ਦਾ ਖੁਲ੍ਹਾ-ਮੋਕਲਾ ਪਾਸਾ । ਵੱਡੀ-ਚੌੜੀ ਸੜਕ ਵਿਚੋਂ ਨਿਕਲਦੀਆਂ ਖੁਲ੍ਹੀਆਂ-ਛੋਟੀਆਂ ਸੜਕਾਂ । ਠਿਬਲ-ਟੋਏ ਹੋਈਆਂ ਸੜਕਾਂ ਦੇ ਨਾਲ ਨਾਲ ਖੰਬਿਆਂ ਦੀਆਂ ਪਾਲਾਂ । ਖੰਭਿਆਂ ਉੱਤੇ ਬੱਝੀਆਂ ਬਿਜਲੀ ਦੀਆਂ ਮੋਟੀਆਂ-ਪਤਲੀਆਂ ਤਾਰਾਂ ਨਾਲ ਛਾਨਣੀ ਹੋਇਆ ਆਕਾਸ਼ । ਆਕਾਸ਼ ਜਿਸ ਅੰਦਰ ਅੱਠੇ-ਪਹਿਰ ਚਿੱਟੇ-ਕਾਲੇ ਧੂਏਂ ਦਾ ਰਾਜ ਰਹਿੰਦਾ ਹੈ । ਉੱਚੀਆਂ ਲੰਮੀਆਂ ਦਿਓ-ਕੱਦ ਚਿਮਨੀਆਂ 'ਚੋਂ ਉਠਦੇ ਧੂਏਂ ਦੀ ਦੁਰਗੰਧ ਅੰਦਰ ਸਾਹ ਲੈਂਦੇ ਹਜ਼ਾਰਾਂ ਕਾਮੇਂ, ਜਿਹਨਾਂ ਨੂੰ ਨਿੱਕੇ-ਵੱਡੇ ਕਾਰਖਾਨਿਆਂ ਦੇ ਉੱਚੇ-ਨੀਵੇਂ ਗੇਟਾਂ ਦੇ ਜਬਾੜੇ, ਸਵੇਰੇ ਨਿਗਲ ਕੇ ਤਰਕਾਲਾਂ ਨੂੰ ਗੁਲੱਛਦੇ ਹਨ । ਸ਼ਾਮੀ ਹੜਪ ਕੇ ਉਹਨਾਂ ਦੀਆਂ ਹੱਡੀਆਂ ਅਤੇ ਪਿੰਜਰ ਅੱਧੀ ਕੁ ਰਾਤੀਂ ਬਾਹਰ ਸੜਕਾਂ ਉੱਤੇ ਉਲਟੀ ਕਰ ਦਿੰਦੇ ਹਨ ।

ਫੈਕਟਰੀ-ਏਰੀਏ ਦੀ ਸੱਭ ਤੋਂ ਵੱਡੀ ਫ਼ਰਮ 'ਆਈ ਐਂਡ ਆਈ ਲਿਮਟਿਡ' ਦੇ ਚੈਕ ਭਾਈਵਾਲਾਂ ਨੇ ਅੱਧੀ ਰਾਤ ਨੂੰ ਸ਼ੁਰੂ ਹੋਣ ਵਾਲੀ ਗਰੇਵਯਾਰਡ ਸ਼ਿਫਟ ਇਸ ਲਈ ਬੰਦ ਕਰਵਾ ਦਿੱਤੀ ਹੈ ਕਿ ਕੈਯੂਐਲਟੀਆਂ ਦੀ ਵਧਦੀ ਗਿਣਤੀ ਖਪਾਉਣੀ ਔਖੀ ਹੋ ਗਈ ਸੀ । ਦੂਜੀ ਸ਼ਿਫਟ ਵਾਲੇ ਢਲਾਈ-ਕਾਮੇਂ ਦਿਨ ਦੀਆਂ ਤਪਾਈਆਂ ਆਇਲ ਤੇ ਸਟੀਲ ਫਰਨਿਸਾਂ ਅੰਦਰ ਢਲਦਾ ਪਿੱਤਲ ਅਤੇ ਦੇਗੀ-ਲੋਹਾ, ਵੱਡੇ ਛੋਟੇ ਸੰਚਿਆਂ ਅੰਦਰ ਪਲਟਾ ਕੇ ਵਿਹਲੇ ਹੋ ਜਾਂਦੇ ਹਨ ਅਤੇ ਅਪਣੇ ਹਾਜ਼ਰੀ-ਕਾਰਡਾਂ ਤੇ ਕਦੀ ਅੱਧੀ ਕਦੀ ਪੌਣੀ ਦਿਹਾੜੀ ਲਿਖਵਾ ਕੇ ਘਰੋ-ਘਰੀ ਪਰਤ ਜਾਂਦੇ ਹਨ, ਪਰ ਫੈਕਟਰੀ ਦੀਆਂ ਦੂਜੀਆਂ ਸ਼ੈਡਾਂ ਹੇਠ ਅੱਧੀ ਰਾਤ ਨੂੰ ਮੁਕਣ ਵਾਲੀ ਸਵਿੰਗ ਸ਼ਿਫਟ ਪੂਰੀ ਹੋਣ ਤੱਕ, ਉੱਚਾ-ਨੀਵਾਂ ਖੜਾਕ ਹੁੰਦਾ ਰਹਿੰਦਾ ਹੈ ।

ਪੰਜ-ਪੰਜ ਸੌ ਵਾਟ ਦੇ ਬੱਲਬਾਂ ਦੀ ਤੇਜ਼-ਤਰਾਸ਼ ਚਾਨਣੀ ਤੇ ਹੁੰਮਸ ਅੰਦਰ, ਅੱਖਾਂ ਤੇ ਚਿੱਟੇ ਖੋਪੇ ਚਾੜ੍ਹੀ ਰਗੜਈਏ ਪਾਣੀ ਦੀਆਂ ਨਿੱਕੀਆ ਵੱਡੀਆਂ ਟੂਟੀਆਂ ਦੇ ਨਰਮ ਨਾਜ਼ਕ ਸਰੀਰਾਂ ਤੋਂ 'ਫਾਲਤੂ-ਮਾਲ' ਰਗੜਦੇ ਰਹਿੰਦੇ ਹਨ । ਮਸ਼ੀਨ ਸ਼ਾਪ ਦੀਆਂ ਦਰਜਨਾਂ ਮਸ਼ੀਨਾਂ ਖਰਾਦੀਆਂ ਦੇ ਅਦੜ-ਵੰਜੇ ਮੈਲੇ ਕਪੜਿਆਂ ਤੇ ਕਾਲਖ ਦੀਆਂ ਹੋਰ ਤੈਹਾਂ ਚਾੜ੍ਹੀ ਜਾਂਦੀਆਂ ਹਨ; ਤਿਆਰ ਹੋਏ ਪੁਰਜ਼ਿਆਂ ਦੀਆਂ ਢੇਰੀਆਂ, ਫ਼ਿਟਰਾਂ ਦੇ ਅੱਡਿਆਂ ਤੋਂ ਲੰਘ ਕੇ ਵੱਡੇ-ਵੱਡੇ ਢੇਰਾਂ ਅੰਦਰ ਬਲਦੀ ਜਾਂਦੀਆਂ ਹਨ ਅਤੇ ਪਾਲਸ਼ੀਆਂ ਦੀਆਂ ਪਾਲਸ਼-ਸਾਣਾਂ ਬੇਜਾਨ ਖੁਰਦਰੀਆਂ ਟੂਟੀਆਂ ਨੂੰ ਚਮਕਾ-ਲਿਸ਼ਕਾ ਕੇ ਜੀਊਂਦੀਆਂ-ਜਾਗਦੀਆਂ, ਮੂੰਹੋਂ-ਬੋਲਦੀਆਂ ਕਰੀ ਜਾਂਦੇ ਹਨ ।

2

'ਆਈ ਐਂਡ ਆਈ' ਦੇ ਵੱਡੇ ਗੇਟੋਂ ਬਾਹਰ ਲਮਕਦੇ ਕਾਲੇ ਫੱਟੇ ਤੇ ਪੱਕੇ ਉੱਕਰੇ ਅੱਖਰ 'ਜ਼ਰੂਰਤ ਹੈ...' ਹੇਠਾਂ ਚੌਥੇ ਨੰਬਰ ਤੇ ਲਿਖੇ '.. ਇਕ ਪਾਲਸ਼ੀਏ ਦੀ' ਪੜ ਕੇ, ਸੁੱਚੇ ਨੇ ਗੇਟ ਤੇ ਖੜੇ ਗੋਰਖੇ ਤੋਂ ਅੰਦਰ ਜਾਣ ਦੀ ਆਗਿਆ ਮੰਗੀ । ਚੁੰਨ੍ਹੀਆਂ ਅੱਖਾਂ ਵਾਲੇ ਗੁੱਥੇ ਹੋਏ ਥੰਮ ਬਹਾਦਰ ਨੇ ਸੁੱਚੇ ਨੂੰ ਤਾੜਵੀਆਂ ਨਜ਼ਰਾਂ ਨਾਲ ਦੇਖਦਿਆਂ, ਵਰਕਸ-ਮੈਨੇਜਰ ਨੂੰ ਮਿਲਣ ਲਈ ਆਖਿਆ । ਕੈਬਿਨ ਵਲ ਇਸ਼ਾਰਾ ਕਰਨ ਲਈ ਬਾਂਹ ਉਪਰ ਚੁਕਦਿਆਂ, ਉਸ ਦੇ ਲੱਕ ਨਾਲ ਲਟਕਦੀ ਖੋਖਰੀ ਸੁੱਚੇ ਦੇ ਖੱਬੇ ਗੁੱਟ ਤੇ ਜ਼ੋਰ ਨਾਲ ਵੱਜੀ ।

ਸੱਜੇ ਹੱਥ ਨਾਲ ਖੱਬੇ ਗੁੱਟ ਨੂੰ ਪਲੋਸਦਾ ਸੁਚਾ ਪਹਿਲਾਂ ਵਰਕਸ-ਮੈਨੇਜਰ ਦੇ ਚਪੜਾਸੀ ਕੋਲ ਪਹੁੰਚ ਗਿਆ, ਫਿਰ ਉਸਦੇ ਕੈਬਿਨ ਅੰਦਰ । ਥੋੜੀ ਜਿਹੀ ਪੁਛ-ਪੜਤਾਲ ਪਿਛੋਂ ਉਸ ਨੂੰ ਟਰਾਈ ਲਈ ਪਾਲਿਸ਼-ਸ਼ਾਪ ਭੇਜ ਦਿੱਤਾ ਗਿਆ ।

—ਕਿਤਨੇ ਦਾਮ ਕਾ ਕਾਰੀਗਰ ਹੈ ? ਵਰਕਸ ਮੈਨੇਜਰ ਨੇ ਗੁਜਰਾਤੀ ਫੋਰਮੈਨ ਨੂੰ ਦਫਤਰ ਬੁਲਾ ਕੇ ਪੁੱਛਿਆ ।

—ਸਾਰੋ ਛੈ, ਸਿਰ ਹਿਲਾਉਂਦਿਆਂ ਉਸ ਨੇ ਸੁੱਚੇ ਦੇ ਕੀਤੇ ਕੰਮ ਨੂੰ ਪਸੰਦ ਕਰਦਿਆਂ ਉੱਤਰ ਦਿੱਤਾ ।

ਫੋਰਮੈਨ ਦਾ ਹੁੰਗਾਰਾ ਮਿਲਣ ਤੇ ਵਰਕਸ ਮੈਨੇਜਰ ਨੇ ਸੁੱਚੇ ਨੂੰ ਸੱਦ ਕੇ ਘੋਖ-ਪੜਤਾਲ ਕੀਤੀ—'ਕਿਆ ਨਾਮ ਹੈ...?'

—'ਸੁੱਚਾ ਸਿੰਘ ।'

—'ਪਹਿਲੇ ਕਿੱਧਰ ਕਾਮ ਕਰਤਾ ਥਾ ?'

—'ਰਾਸ਼ਟਰੀਆ ਸਟੀਲ ਕੰਪਨੀ ਵਿਚ ।'

—'ਉਧਰ ਸੇ ਕਿਉਂ ਛੋੜਾ...?'

—'ਜੀ ..ਈ, ਮੈਂ ਬਿਮਾਰ ਹੋ ਗਿਆ...ਉਨ੍ਹਾਂ ਹੋਰ ਬੰਦਾ ਰੱਖ ਲਿਆ', ਵੇਲਾ ਟਾਲਣ ਲਈ ਸੁੱਚੇ ਨੇ ਪਹਿਲੋਂ ਘੜਿਆਂ ਉਤਰ ਫ਼ੱਟਾ-ਫ਼ੱਟ ਬੋਲ ਦਿੱਤਾ ।

—'ਦੇਖੋ, ਸੂਚਾ ਸੀਂਘ...ਅਬੀ ਤੁਮਹਾਰੀ ਕੱਚੀ

* 'ਸਾਰੋ ਛੈ' (ਠੀਕ ਹੈ) ਗੁਜਰਾਤੀ ਭਾਸ਼ਾ ਦੇ ਸ਼ਬਦਾਂ ਨਾਲ ਰੱਖਿਆ ਸਿਰਲੇਖ ਹੈ । ਮੇਹਨਤਕਸ਼ ਤਬਕੇ ਦੀ ਸਰਬਵਿਆਪੀ ਸਾਂਝ ਵਜੋਂ ਕਹਾਣੀ ਦਾ ਇਹ ਨਾਂ ਰਖਿਆ ਗਿਆ ਹੈ ।

ਟਰਾਈ ਹੂਆ ਹੈ, ਪੱਕੀ ਫਿਰ ਹੋਗਾ...ਜ਼ਰਾ ਪਰਾਗਰੈਸ ਦਿਖਾਓ, ਫਿਰ ਤਨਖਾਹ ਫਿੱਟ ਕਰੇਗਾ', ਘਾਗ ਮੈਨੇਜਰ ਨੇ ਉਸ ਨੂੰ ਅਗਾਊਂ ਵਗਲ੍ਹ ਲਿਆ।

ਸੋਚੀਂ ਪਿਆ ਸੁੱਚਾ ਮੈਨੇਜਰ ਦੀ ਗਲ੍ਹ ਸੁਣ ਕੇ ਕੁਝ ਪਲਾਂ ਲਈ ਸੁਨ ਜਿਹਾ ਹੋ ਗਿਆ।

—ਦੇਖੋ, ਏਕ ਔਰ ਜ਼ਰੂਰੀ ਬਾਤ... ਕਿਸੀ ਦੂਸਰੇ ਪਾਲਸ਼ੀਏ ਸੇ ਕੋਈ ਕਾਨਾ-ਫੂਸੀ ਨਹੀਂ ਕਰਨਾ...ਅਪਨੇ ਕਾਮ ਸੇ ਕਾਮ ਰਖਨਾ...ਬੱਸ।

ਇਕ ਪਾਸੇ, ਮਹੀਨੇ ਭਰ ਦੀ ਬੇਕਾਰੀ ਦੀਆਂ ਠੋਕਰਾਂ, ਦੂਜੇ ਪਾਸੇ, ਸਾਥੀ ਕਾਰੀਗਰਾਂ ਨਾਲ ਬੋਲਣ ਦੀ ਮਨਾਹੀ.. ਸੁੱਚੇ ਦੀ ਦੋ-ਚਿੱਤੀ ਹੋਰ ਪੀਡੀ ਹੁੰਦੀ ਗਈ ਕਿ ਚਾਨਚੱਕ ਫੋਰਮੈਨ ਨੇ ਉਸਦਾ ਮੋਢਾ ਥਾਪੜਦਿਆਂ ਆਖਿਆ—'ਆਂ...ਹਾਂ, ਨਾਨਾ ਭਾਈ ਸੂੰ ਸੋਚੇ ਛੈ ?'

ਥਾਪੀ ਅੰਦਰਲੀ ਅਪਣਤ ਨੂੰ ਭਾਂਪਦਿਆਂ ਸੁੱਚੇ ਦੀ ਧੁੰਦਲੀ ਸੋਚ ਪਲਾਂ ਅੰਦਰ ਹੀ ਉੱਡ-ਪੁੱਡ ਗਈ। ਉਸਨੇ ਬੜੇ ਠਰੰਮੇਂ ਨਾਲ ਦੋਹਰੇ ਅਰਥਾਂ ਵਾਲੀ 'ਜੀ... ਈ' ਆਖ ਕੇ ਅੱਡਾ ਸਾਂਭ ਲਿਆ।

3

—'ਤੇਰਾ ਅੱਡਾ ਬੜਾ ਨੈਹਸ਼ ਐ', ਪੰਜਾਹਾਂ ਨੂੰ ਢੁਕਦੇ ਪਾਲਸ਼ੀਏ ਪਿਰਥੀ ਨੇ ਦੂਜੇ ਦਿਨ ਰੋਟੀ ਦੀ ਛੁੱਟੀ ਵੇਲੇ ਸੁੱਚੇ ਨੂੰ ਆਖਿਆ।

—'ਕਿਉਂ.. ?' ਤ੍ਰਬਕ ਕੇ ਸੁੱਚੇ ਨੇ ਕਾਰਨ ਜਾਨਣਾ ਚਾਹਿਆ।

—'ਮੇਰੇ ਦੇਖਦਿਆਂ, ਇਨ੍ਹੇ ਕਿੰਨ੍ਹੇ ਈ ਬੰਦੇ ਖਾਂਦੇ ਨੇਂ'।

—'ਉਹ ਕਿੱਦਾਂ ?'

—ਜੇੜ੍ਹਾ ਵੀ ਇਤੇ ਬੈਠਦਾ, ਛੇਈਂ ਕੁ ਮਹੀਨੀਂ ਅੱਧੀ-ਪਚੱਦੀ ਤਨਖ਼ਾਹ ਮੁਰਆ ਕੇ ਤੁਰਦਾ ਬਣਦਾ। ਕੋਈ ਭਲਾਈ-ਦਫ਼ਤਰਾਂ ਦੇ ਚੱਕਰ ਕੱਟਦਾ, ਕੋਈ ਲੇਬਰ-ਕੋਲਟਾਂ ਦੇ ਧੱਕੇ ਖਾਂਦਾ...ਛੀਲਾ ਤਾਂ ਬਚਾਰਾ,ਐਸ ਅੱਡ ਦਾ ਮਾਰਿਆ ਜਹਾਨੋਂ ਈਂ ਤੁਰਦਾ ਬਣਿਆ। ਉਹਦੀ ਤਿੰਨਾਂ ਮਹੀਨਿਆਂ ਦੀ ਤਨਖਾਹ ਤੇ ਸਾਲ ਭਰ ਦਾ ਬੋਨਸ ਵੀ ਮਾਲਕ ਆਪੇ ਹੀ ਹੜੱਪ ਗਏ...।

—'ਉਹ ਕਿਉਂ ?' ਸੁੱਚਾ ਸਾਰੀ ਗੱਲ ਜਾਨਣ ਲਈ ਪਿਰਥੀ ਦੇ ਹੋਰ ਲਾਗੇ ਸਰਕ ਗਿਆ।

—'...ਕਿਸੇ ਬਾਹਰਲੇ ਮੁਲਖ ਨੂੰ ਗਏ ਮਾਲ ਦਾ ਭਾਰ ਘੱਟ ਨਿਕਲਿਆ। ਅਗਲੇ ਸਾਈਆਂ ਨੇ ਸਾਰੇ ਦਾ ਸਾਰਾ ਈ ਫੈਕਟਰੀ ਨੂੰ ਬਰੰਗ ਕਰ 'ਇਤਾ। ...ਪਹਿਲਾਂ ਆਖਦੇ ਰਏ, ਛੀਲਾ ਸਿਆਂ, ਮਾਲ ਬਾਰ੍ਹ ਜਾਣਾ, ਹੱਥ ਜ਼ਰਾ ਸੱਥਰਾ ਰੱਖੀਂ...ਪਿਛੋਂ ਹਾਅ ਚੰਦ ਚਾੜ੍ਹ 'ਇਤਾ।

—ਇਦ੍ਹੇ ਵਿਚ ਛੀਲੇ ਦਾ ਕੀ ਕਸੂਰ ?' ਸੁੱਚੇ ਨੇ ਫ਼ਿਕਰਮੰਦ ਹੋ ਕੇ ਪੁੱਛਿਆ।

—ਕਸੂਰ ਤਾਂ ਉਦ੍ਹਾ ਰੱਤੀ ਭਰ ਬੀ ਨਈਂ, ਪਰ.. ਜ਼ੋਰਾਬਰਾਂ ਦਾ ਨਜ਼ਲਾ ਤਾਂ ਮਾਤੜਾਂ ਤੇ ਈ ਡਿਗਦਾ ਹਰ ਵਾਰੀ'...!

—ਲੇਬਰ ਅਫ਼ਸਰ ਕੋਲ ਰੀਪੋਟ ਕਰਨੀ ਸੀ।

—ਕੀਤੀ ਸੀ...ਪਰ ਹਰ ਕੋਈ ਚੜ੍ਹਦੇ ਸੂਰਜ ਨੂੰ ਈ ਸਲਾਮਾਂ ਕਰਦਾ, ਸਭ ਅਪਸਰ-ਉਪਸਰ ਪੈਹੇ ਨਾਲ ਖਰੀਦੇ ਜਾਂਦੇ ਆ।

—ਯੂਨੀਅਨ ਵਾਲਿਆਂ ਨੂੰ ਨਈਂ ਦੱਸਿਆ ?

—ਦਸਿਆ ਕਿਉਂ ਨਹੀਂ ! ਉਹ ਬੀ ਕੇਸ ਲੜਨ ਤੋਂ ਅੱਗੋਂ ਈ ਛੇਮਾਂ ਹਿਸਾ ਮੰਗਦੇ ਸੀ।

—ਬਹੁਤ ਮਾੜੀ ਗੱਲ ਹੋਈ !

—ਮਾੜੀ ਜੇਹੀ ਮਾੜੀ... ...ਜਣਾ ਕੱਲਾ ਈ ਡੱਟਿਆ ਰਿਆ। ਰਾਤ ਨੂੰ ਲੁਕ ਛਿਪ ਕੇ ਕਿਤੇ ਹੋਰਥੇ ਕੰਮ ਕਰਦਾ, ਦਿਨੇ ਦਫ਼ਤਰਾਂ ਦੇ ਚੱਕਰ ਮਾਰਦਾ।

—ਤੁਹਾਡੇ ਵਿਚੋਂ ਕਿਸੇ ਨੇ ਵੀ ਆਸਰਾ ਨਈਂ ਦਿਤਾ...?

—ਆਸਰਾ ਕੀ ਦਿੰਦੇ ..ਉਨ੍ਹੰ ਅਗਲਿਆਂ ਉਈਂ ਜਹਾਨੋਂ ਤੁਰਦਾ ਕਰ'ਦਿਤਾ...ਤਰੀਕ ਭੁਗਤ ਕੇ ਮੁੜ-ਦਿਆਂ, ਜੀਪ ਤੇਜ਼ ਕਰਕੇ ਉਹਦੇ ਸੈਕਲ 'ਚ ਲਿਆ ਮਾਰੀ। ਪੱਕੀ ਤੇ ਸਿਰ ਭਾਰ ਡਿੱਗ ਕੇ ਉਹ ਵਿਚਾਰਾ ਥੈਂਹ ਈ ਦਮ ਤੋੜ ਗਿਆ...। ਦੇ-ਦੁਆ ਕੇ ਅਗਲਿਆਂ ਉਹ ਕੇਸ ਵੀ ਖੁਰਦ-ਬੁਰਦ ਕਰ'ਇਤਾ। ਅਖੇ, ਮਰਨ ਆਲਾ ਗਲਤ ਹੱਥੇ ਸੀ।

—ਫਿਰ...ਕੁਝ ਨਈਂ ਬਣਿਆ ਉਸਦਾ...?

—ਬਨਣਾ ਕੀ ਸੀ ? ਜੇੜ੍ਹਾ ਬੀ ਸਿਰ ਚੁਕਦਾ ਉਦ੍ਹਾ ਆਪਣਾ ਟੱਬਰ-ਟੀਰ ਭੁੱਖਾ ਮਰਦਾ...ਨਾਲੇ ਕੌਣ ਕਿਸੇ ਦੀ ਮੌਤੇ ਮਰਦਾ...!

4

ਦੋ ਦੋ, ਚਾਰ ਚਾਰ ਮੰਜ਼ਲੇ ਚੁਬਾਰਿਆਂ ਦੀਆਂ ਤੰਗ ਗਲੀਆਂ ਵਾਲੇ ਸ਼ਹਿਰ ਦਾ ਖੁਲ੍ਹਾ-ਮੋਕਲਾ ਪਾਸਾ। ਚੌੜੀਆਂ ਖੁਲ੍ਹੀਆਂ ਸੜਕਾਂ ਵਿਚਕਾਰ ਵੱਡੇ-ਵੱਡੇ ਇਹਾਤਿਆਂ ਅੰਦਰ ਉਸਰੀਆਂ ਰੰਗ-ਬਰੰਗੀਆਂ ਉੱਚੀਆਂ ਨੀਂਵੀਆਂ ਕੋਠੀਆਂ। ਕੋਠੀਆਂ ਨਾਲ ਜੁੜਵੇਂ ਬਰਾਂਡਿਆਂ ਨੂੰ ਛਾ ਕਰਦੀਆਂ ਨੀਲੀਆਂ ਪੀਲੀਆਂ ਚਿੱਕਾਂ। ਚਿੱਕਾਂ ਲਾਗਲੀਆਂ ਤਾਕੀਆਂ ਵਿਚ ਫਿੱਟ ਕੀਤੇ ਰੂਮ-ਕੂਲਰ।

ਹਰੇ-ਕਚੂਰ ਮਖ਼ਮਲੀ ਘਾਹ ਨਾਲ ਢੱਕੀ ਇਕ ਖੁਲ੍ਹੀ ਲਾਅਨ, ਪੀਲੇ ਰੰਗ ਦੀ ਨਿੱਕੀ ਕੋਠੀ ਨਾਲ ਜੁੜਦੀ ਹੋਈ। ਕੋਠੀ ਦੇ ਵੱਡੇ ਕਮਰੇ ਅੰਦਰ ਵਿਛੇ ਰੰਗ-

ਦਾਰ ਕਲੀਨ ਉੱਤੇ ਮਜ਼ਦੂਰ ਭਲਾਈ ਅਫਸਰ ਦਾ ਮੇਜ਼ ਸਜਿਆ ਹੋਇਆ ਹੈ। ਸੱਜੇ ਹੱਥ ਟਿਕਾਏ ਸੋਫ਼ਾ-ਸੈੱਟ ਉੱਤੇ 'ਆਈ ਐਂਡ ਆਈ ਲਿਮਟਿਡ' ਦਾ ਮੈਨੇਜਿੰਗ ਡਾਇਰੈਕਟਰ ਤੇ ਉਸਦਾ ਸਟੈਨੋ ਬਿਰਾਜਮਾਨ ਹਨ। ਖੱਬੇ ਹੱਥ ਪਈਆਂ ਲੋਹੇ ਦੀਆਂ ਕੁਰਸੀਆਂ ਤੇ ਉਸੇ ਫੈਕਟਰੀ ਦੀ ਪਾਲਿਸ਼ ਸ਼ਾਪ ਦੇ ਸਾਰੇ ਦੇ ਸਾਰੇ ਪਾਲਸ਼ੀਏ ਬੈਠੇ ਹਨ। ਸਾਰੇ ਵਾਕਫ਼ ਹੋਣ ਤੇ ਵੀ ਇਕ ਦੂਜੇ ਨਾਲ ਨਾ-ਵਾਕਫਾਂ ਵਾਂਗ ਦੇਖਦੇ ਹਨ।

ਪਾਲਸ਼ੀਏ ਸੁੱਚੇ ਨੇ ਲੇਬਰ ਅਫਸਰ ਦੇ ਕਮਰੇ ਦਾ ਪਰਦਾ ਥੋੜਾ ਪਾਸੇ ਸਰਕਾਉਂਦਿਆਂ, ਬੜੇ ਸਲੀਕੇ ਨਾਲ ਅੰਦਰ ਆਉਣ ਦੀ ਆਗਿਆ ਮੰਗੀ। ਉਸ ਦੇ ਪਿਛੇ ਪਿਛੇ ਇਕ ਲੰਮੀ ਪਤਲੀ ਇਸਤਰੀ ਸੋਕੜੇ ਦੀ ਬੀਮਾਰ ਬੱਚੀ ਮੋਢੇ ਲਾਈ ਅੰਦਰ ਆਉਂਦੀ ਹੈ।

—ਇਹ ਹੈ ਜੀ ਨਾਮੋ..., ਫੀਲੇ ਦੀ ਘਰਵਾਲੀ, ਉਹਦੇ ਬਣਦੇ ਬਕਾਏ ਦੀ ਵਾਰਸ, ਸੁੱਚੇ ਦੇ ਬੋਲਾਂ ਅੰਦਰ ਦ੍ਰਿੜ੍ਹਤਾ ਦੀ ਸੁਰ ਹੈ।

—'ਈਦ੍ਹਾ ਕਾਈ ਹਿਸਾਬ-ਸੂਬ੍ਹ ਬਾਕੀ ਨਈਂ', ਸਟੈਨੋ ਨਿਗਾਹ ਦੀਆਂ ਢਿਲਕੀਆਂ ਐਨਕਾਂ ਉਪਰ ਨੂੰ ਸਰਕਾ ਕੇ ਬੋਲਿਆ ਹੈ।

ਤੈਨੂੰ ਕਿੰਨ੍ਹ ਪੁੱਛਿਆ...?' ਸੁੱਚੇ ਦੇ ਬੋਲਾਂ ਅੰਦਰ ਆਈ ਤਲਖ਼ੀ ਦੇਖ ਕੇ ਲੇਬਰ ਅਫਸਰ ਨੇ ਹਥਲੇ ਕਾਗਜ਼ ਇਕ ਪਾਸੇ ਕਰ ਦਿਤੇ ਹਨ।

—'...ਭਾਈ, ਥੋੜੇ ਆਦਮੀ ਦਾ ਕੈ ਬਕਾਇਆ ਰੈਂਦਾ ਫੈਕਟਰੀ ਆਲਿਆਂ ਕੰਨੀ...? ਲੇਬਰ ਅਫਸਰ ਨੇ ਹਮਦਰਦੀ ਨਾਲ ਨਾਮੋ ਤੋਂ ਪੁਛਿਆ ਹੈ।

—ਜੀ...ਈ...ਤਿੰਨਾਂ ਚੌਂਹ ਮਹੀਨਿਆਂ ਤੋਂ ਕੁਸ਼ ਨੀ ਦਿੱਤਾ, ਹੈਨਾਂ ਹਤਿਆਰਿਆਂ...ਇਨ੍ਹਾਂ ਤਾਂ ਮੇਰਾ ਬੰਦਾ ਈ...' ਗੱਲ ਪੂਰੀ ਕਰਨ ਤੋਂ ਪਹਿਲਾਂ ਉਸਦਾ ਗੱਚ ਭਰ ਜਾਂਦਾ ਹੈ।

—'ਸ਼ੋਅ ਮੀ, ਹਿੱਜ਼ ਪੇ ਰੋਲ ਐਂਡ ਡੇਲੀ ਕੈਸ਼-ਬੁਕ', ਲੇਬਰ ਅਫਸਰ ਸਟੈਨੋ ਤੋਂ ਫ਼ੀਲੇ ਦਾ ਰਿਕਾਰਡ ਮੰਗ ਕੇ ਚੰਗੀ ਤਰ੍ਹਾਂ ਵਾਚਿਆ ਹੈ।

'—ਆਲ ਦੀ ਫੋਰ ਐਨਟਰੀਜ਼ ਆਰ ਬੋਗਸ'... 'ਬੀ ਰੈਡੀ ਫਾਰ ਐਮਬੈਜ਼ਲਮੈਂਟ ਕੇਸ'; ਆਖ ਕੇ ਉਸ ਨੇ ਫੈਕਟਰੀ ਰਿਕਾਰਡ ਮੇਜ਼ ਦੀ ਦਰਾਜ਼ ਅੰਦਰ ਸਾਂਭ ਲਿਆ ਹੈ।

ਮੈਨੇਜਿੰਗ ਡਾਇਰੈਕਟਰ ਨੇ ਲੇਬਰ ਅਫਸਰ ਦੀ ਇਸ ਕਾਰਵਾਈ ਨੂੰ ਆਪਣੀ ਮਾਨ-ਹਾਨੀ ਸਮਝਿਆ ਹੈ। ਉਸਦਾ ਗੁੱਸੇ ਨਾਲ ਭਖਿਆ ਚਿਹਰਾ ਬੋਲ-ਕੁਬੋਲ ਬੋਲਣ ਲਈ ਤਣ ਜਾਂਦਾ ਹੈ, ਪਰੰਤੂ ਕੁਝ ਵੀ ਪਿੜ-ਪੱਲੇ ਨਾ ਪੈਣ ਦੇ ਡਰ ਕਾਰਨ ਡੌਰ-ਭੌਰ ਖੜੇ ਉਹਨਾਂ ਵਲ ਬਿੱਟ-ਬਿੱਟ ਤਕਦੇ ਪਾਲਸ਼ੀਆਂ ਨੂੰ ਦੇਖ ਕੇ, ਉਹ ਚੁੱਪ ਦਾ ਚੁੱਪ ਹੀ ਰਹਿੰਦਾ ਹੈ।

ਕੁਰਸੀ ਦੀ ਢੋਅ ਤੇ ਸਿਰ ਸੁਟੀ, ਉਹਦੀ ਵੱਲ ਧਿਆਨ ਨਾਲ ਦੇਖਦੇ ਲੇਬਰ-ਅਫਸਰ ਦੀਆਂ ਅੱਖਾਂ, ਜਦ ਉਸਦੀਆਂ ਅੱਖਾਂ ਨਾਲ ਮਿਲਦੀਆਂ ਹਨ ਤਾਂ ਉਹ ਹੌਲੀ ਜਿਹੀ, ਆਖ ਦਿੰਦਾ ਹੈ,

—'ਡੂ ਐਨੀ ਅਡਜੇਸਟਮੈਂਟ, ਯੂ ਲਾਈਕ।'

ਉਸ ਵਲੋਂ ਧਿਆਨ ਹਟਾ ਕੇ ਲੇਬਰ ਅਫਸਰ ਫਿਰ ਸੁੱਚੇ ਨੂੰ ਪੁੱਛਦਾ ਹੈ—'ਬਾਈ ਕਾਮਰੇਡ...ਫਿਰ ਕਿਮੇਂ ਸਲਾਹ ਐ ਥੁਆਡੀ ?

ਉਸਦੀ ਗੱਲਬਾਤ ਤੋਂ ਪ੍ਰਭਾਵਤ ਹੋਇਆ ਸੁੱਚਾ ਉਸਦੀਆਂ ਹਰਕਤਾਂ ਦੇਖ ਕੇ ਸ਼ੱਕੀ ਹੋ ਜਾਂਦਾ ਹੈ। ਬੜੇ ਹੀ ਸੁਭਾਵਕ ਢੰਗ ਨਾਲ ਆਪਣੀ ਮੰਗ ਦੁਹਰਾਉਣ ਦਾ ਇਰਾਦਾ ਬਦਲ ਕੇ ਉਹ ਜ਼ਰਾ ਤਲਖ਼ ਹੋ ਕੇ ਕਹਿੰਦਾ ਹੈ—ਤਿੰਨ ਮਹੀਨੇ ਦੀ ਤਨਖਾਹ, ਇਕ ਬੋਨਸ ਤੇ ਕੇਸ ਉੱਤੇ ਹੋਇਆ ਕੁਲ ਖਰਚ...ਸ੍ਰੀਮਾਨ ਜੀ ਇਸ ਤੋਂ ਘਟ ਕੋਈ ਵੀ ਫੈਸਲਾ ਸਾਨੂੰ ਮਨਜ਼ੂਰ ਨਹੀਂ। ਅਸੀਂ ਨਹੀਂ ਚਾਹੁੰਦੇ ਕਿ ਫੀਲੇ ਦੀ ਮੌਤ ਬਦਲੇ ਇਨ੍ਹਾਂ ਦਾ ਕੋਈ ਮਰਵਾ ਕੇ ਉਸ ਵਿਚਾਰੇ ਦਾ ਘਰ-ਘਾਟ ਉਜਾੜੀਏ...।

ਉਸ ਦੀ ਗੱਲ ਟੁਕਦਿਆਂ ਅੱਧ-ਵਿਚਾਲੇ ਫਸੇ ਲੇਬਰ ਅਫਸਰ ਨੇ ਮੈਨੇਜਿੰਗ ਡਾਇਰੈਕਟਰ ਦਾ ਹੁੰਗਾਰਾ ਟੋਲਣ ਲਈ ਉਸ ਵਲ ਝਾਕਦਿਆਂ ਆਖਿਆ—'ਦੀਜ਼ ਨੱਟਸ ਆਰ ਹਾਰਡ ਟੂ ਕਰੈਕ...ਦੇਅਰ ਸੀਮਜ਼ ਮੀ ਨੋ ਮਿੱਡ-ਵੇ ਆਊਟ।

ਜਾਅਲੀ ਲਿਖਤੀ ਕਾਰਵਾਈ ਅਤੇ ਲੈ-ਦੇ ਕੇ ਨਿਪਟਾਏ ਖ਼ੂਨ ਦੇ ਕੇਸ ਦੇ ਮੁੜ ਜਾਗ ਪੈਣ ਦੇ ਡਰੋਂ, ਮਾਨਸਿਕ ਬੋਝ ਹੇਠ ਦੱਬੇ ਮੈਨੇਜਿੰਗ ਡਾਇਰੈਕਟਰ ਨੇ ਲੇਬਰ ਅਫਸਰ ਨੂੰ "ਡੂ ਐਜ਼ ਦੇ ਵਿਸ਼" ਆਖ ਕੇ ਹਰੀ ਝੰਡੀ ਦਿੱਤੀ ਹੈ।

5

ਕੁਲ ਬਣਦੀ ਰਕਮ ਦਾ ਚੈਕ ਫੀਲੂ ਦੀ ਵਿਧਵਾ ਨੂੰ ਸੰਭਾਲ ਕੇ, ਸਾਰੇ ਪਾਲਸ਼ੀਏ, ਫੈਕਟਰੀ ਪਹੁੰਚ ਕੇ ਜਦ ਮੁੜ ਆਪਣਾ ਆਪਣਾ ਅੱਡਾ ਸੰਭਾਲਦੇ ਹਨ, ਤਾਂ ਵਰਕਸ ਮੈਨੇਜਰ ਤੋਂ ਅੱਖ ਬਚਾ ਕੇ ਗੁਜਰਾਤੀ ਫੋਰਮੈਨ ਸੁੱਚੇ ਨੂੰ ਹਲਕੀ ਜਿਹੀ ਥਾਪੀ ਦੇਂਦਿਆ ਆਖਦਾ ਹੈ—"ਸਾਰੋ ਛੈ, ਸੁੱਚਾ ਸੀਂਘ.. ਸਾਰੋ ਛੈ। o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਸੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

# ਨਿਊੜ

ੇ ਜਿੰਦਰ

ਕੌਰ ਆ ਰਹੀ ਹੈ।
ਰਾਣੀ ਆ ਰਹੀ ਹੈ।
ਨਹੀਂ।
ਕੌਰ ਆ ਰਹੀ ਹੈ।
ਰਾਣੀ ਤਾਂ ਬਹੁਤ ਮਹਿੰਗੀ ਹੈ।
ਕੌਰ ਦਾ ਰੇਟ ਵੀ ਵੱਧ ਗਿਆ ਹੈ।

ਅਗਲੇ ਅਗੋਂ ਕਿਹੜੇ ਮਾੜੇ ਨੀੜੇ ਹਨ। ਦੋ ਭਰਾ ਇੰਗਲੈਂਡ 'ਚ ਹਨ। ਵਿਆਂਦੜ ਸਾਊਦੀ ਅਰਬੋਂ ਆਇਆ ਹੈ। ਚਾਲੀ ਖੇਤ ਘਰ ਦੇ ਹਨ। ਇਕੋ ਟੱਕ 'ਚ ਹਨ। ਪੱਧਰੀ ਜ਼ਮੀਨ ਹੈ। ਜੋ ਮਰਜ਼ੀ ਬੀਜ ਲਵੋ, ਹੋ ਜਾਂਦਾ ਹੈ। ਫਿਰਣੀ ਨਾਲ ਜ਼ਮੀਨ ਲਗਦੀ ਹੈ। ਫੋਰਡ ਟਰੈਕਟਰ ਹੈ। ਦੋ ਮੋਟਰਾਂ ਹਨ। ਦੱਸ ਮੱਝਾਂ ਹਨ। ਤੇਰਾਂ ਵਲੈਤਣ ਗਾਈਆਂ ਹਨ। ਪੰਜ ਹਜ਼ਾਰ ਮੁਰਗੀਆਂ ਦਾ ਫਾਰਮ ਹੈ। ਘਰ ਦੀ ਕਾਰ ਹੈ। ਫੀਏਟ। ਘਰ ਦਾ ਸਕੂਟਰ ਹੈ। ਬਜਾਜ। ਨੌਕਰ ਹਨ। ਚਾਕਰ ਹਨ। ਸਰਕਾਰੇ ਚਲਦੀ ਹੈ। ਵੱਡਾ ਸਰਦਾਰ ਤਾਂ ਦੇਖਦਾ ਰਹਿੰਦਾ ਹੈ। ਕੰਮ ਹੋਈ ਜਾਂਦਾ ਹੈ ਆਪੇ ਹੀ। ਗੱਲ ਮਕਾਓ। ਦਾਤੇ ਦਾ ਦਿੱਤਾ ਸਭ ਕੁਝ ਹੈ। ਲਾਨੇ ਵਾਲੇ ਹਨ।

ਅਜੀਬ ਸ਼ੋਰ ਹੈ ਪਿੰਡ 'ਚ। ਉਤੇਜਨਾ ਹਰ ਪਲ ਵਧਦੀ ਜਾ ਰਹੀ ਹੈ। ਇਕ ਚਾਅ ਨਾਲ। ਇਕ ਉਮੰਗ ਨਾਲ। ਅੱਖਾਂ ਕੁਝ ਭਾਲਦੀਆਂ ਹਨ।

ਸ਼ਰਤਾਂ ਲਗਦੀਆਂ ਹਨ।

ਘਰ ਦੇ ਇਕ ਇਕ ਜੀਅ ਤੋਂ ਪੁਛਿਆ ਜਾਂਦਾ ਹੈ। ਵਾਰ ਵਾਰ। ਘੜੀ ਮੁੜੀ। ਪੱਕਾ ਪਤਾ ਉਨ੍ਹਾਂ ਨੂੰ ਵੀ ਨਹੀਂ ਹੈ। ਬੱਸ ਐਨਾ ਪਤਾ ਹੈ। ਗਾਉਣ ਵਾਲੀ ਆ ਰਹੀ ਹੈ। ਦੂਜਿਆਂ ਮੁੰਡਿਆਂ ਦੇ ਵਿਆਹ ਤੇ ਵੀ ਆਈ ਸੀ। ਇਸ ਵਿਆਹ ਤੇ ਵੀ ਆਊ।

ਕੌਰ ਆ ਰਹੀ ਹੈ।
ਰਾਣੀ ਆ ਰਹੀ ਹੈ।

ਜਿਥੇ ਵੀ ਦੋ ਜੁੜਦੇ ਹਨ। ਕੌਰ ਦੀਆਂ ਗਲਾਂ ਹਨ। ਰਾਣੀ ਦੀਆਂ ਸਿਫਤਾਂ ਹਨ। ਕੌਰ ਦੇ ਰਿਕਾਰਡ ਦੁਹਰਾਏ ਜਾਂਦੇ ਹਨ। ਰਾਣੀ ਦੇ ਨਵੇਂ ਗੀਤਾਂ ਦੀ ਗੱਲ ਹੁੰਦੀ ਹੈ। ਬਹਿਸ ਹੁੰਦੀ ਹੈ। ਜੁਆਬ ਤਲਬ ਹੁੰਦੇ ਹਨ।

ਗਲੀਆਂ, ਮੋੜਾਂ, ਖੂਹਾਂ, ਟਿਬਿਆਂ, ਅੰਦਰਲੀਆਂ ਤੇ ਬਾਹਰਲੀਆਂ ਫਿਰਣੀਆਂ, ਸਕੂਲ 'ਚ ਗੱਲਾਂ ਹੋ ਰਹੀਆਂ ਹਨ।

ਕੌਰ ਆ ਰਹੀ ਹੈ।
ਰਾਣੀ ਆ ਰਹੀ ਹੈ।
ਮੁਟਿਆਰਾਂ ਦੇ ਕਿਆਸ ਵਖਰੇ ਹਨ।
—ਨੀਂ ਕੌਰ ਬਹੁਤ ਸੋਹਣੀ ਆ।
—ਰਾਣੀ ਤਾਂ ਹੇਠੋਂ ਉਪਰੋਂ ਗੋਲ ਮੋਲ ਹੈ।

—ਮੇਰੇ ਪੇਕਿਆਂ ਦੇ ਟੈਲੀਵੀਜ਼ਨ ਲਗਾ ਏ। ਮੈਂ ਕਈ ਵਾਰ ਟੈਲੀਵੀਜ਼ਨ ਤੇ ਕੌਰ ਨੂੰ ਦੇਖਿਆ ਏ। ਜਦੋਂ ਬਾਂਹ ਉਪਰ ਚੁਕ ਕੇ ਹੇਕ ਲਾਹੁਦੀ ਏ ਤਾਂ ਆਦਮੀਆਂ ਦਿਆਂ ਮੂੰਹਾਂ 'ਚ ਪਾਣੀ ਆ ਜਾਂਦਾ ਏ।

ਕੌਰ ਦੋ ਵਾਰ ਇੰਗਲੈਂਡ ਗਈ ਹੈ।

ਰਾਣੀ ਪਿਛਲੇ ਮਹੀਨੇ ਕਨੇਡੇਓਂ ਤੇ ਅਮਰੀਕੋਂ ਫਿਰ ਕੇ ਆਈ ਹੈ।

ਕੌਰ ਦੀ ਫ਼ਿਲਮ ਆ ਰਹੀ ਹੈ।
ਰਾਣੀ ਨੇ ਦੋ ਫਿਲਮਾਂ 'ਚ ਕੰਮ ਕੀਤਾ ਹੈ।

... ... ...

ਦਿਨ ਅੱਧ ਪਚੱਦਾ ਸਾਫ ਹੈ। ਠੰਡ ਦਾ ਅਸਰ ਘਟ ਰਿਹਾ ਹੈ।

ਹਰੇਕ ਪੁਛ ਰਿਹਾ ਹੈ "ਆ ਗਈ ?"
ਕੋਈ ਦਸਦਾ ਹੈ। "ਨਹੀਂ"

ਨਜ਼ਰਾਂ ਘੜੀਆਂ ਦੀਆਂ ਸੂਈਆਂ ਤੇ ਜਾ ਟਿਕਦੀਆਂ ਹਨ। ਪੁੱਛ ਇਕ ਤੋਂ ਸ਼ੁਰੂ ਹੋ ਕੇ ਬਰਾਤੀਆਂ ਤਕ ਪੁਜਦੀ ਹੈ।

ਬਰਾਤੀ ਦਸਦੇ ਹਨ "ਬਾਰਾਂ ਵਜੇ ਆਊ।"
"ਕੌਰ ਜਾਂ ਰਾਣੀ"।
"ਕੌਰ"।

ਬਾਰਾਂ ਵਜਣ 'ਚ ਅੱਧਾ ਘੰਟਾ ਰਹਿੰਦਾ ਹੈ। ਪਰ ਲੱਗਦਾ ਹੈ ਅੱਧਾ ਘੰਟਾ ਅੱਧੀ ਸਦੀ ਜਿੱਡਾ ਲੰਮਾ ਹੁੰਦਾ ਜਾ ਰਿਹਾ ਹੈ। ਸੜਕ ਤੇ ਭੀੜ ਵਧਦੀ ਜਾ ਰਹੀ ਹੈ। ਹਰ ਕਾਰ ਦਾ ਮੁਆਇਨਾ ਕੀਤਾ ਜਾ ਰਿਹਾ ਹੈ। ਕਾਰ 'ਚ ਕਿੰਨੀਆਂ ਸਵਾਰੀਆਂ ਬੈਠੀਆਂ ਹਨ। ਕਿੰਨੀਆਂ ਔਰਤਾਂ ਤੇ ਕਿੰਨੇ ਮਰਦ ਬੈਠੇ ਹਨ। ਢੋਲਕੀ ਵਾਲਾ ਤਾਂ ਨਹੀਂ ਪਿਆ। ਚਿਮਟੇ ਵਾਲਾ ਭਾਈ ਤਾਂ ਨਹੀਂ ਬੈਠਾ ਘੜਾ ਮੋਹਰੇ ਪਿਆ ਹੈ ਜਾਂ ਕਾਰ ਦੀ ਡਿੱਗੀ 'ਚ। ਕਾਰ ਦਾ ਰੰਗ ਕੀ ਸੀ। ਜਦ ਕੋਈ ਕਾਰ ਕੋਲੋਂ ਦੀ ਲੰਘ ਜਾਂਦੀ ਹੈ ਤੇ ਉਸ 'ਚ ਕੌਰ ਨਹੀਂ ਹੁੰਦੀ ਜਾਂ ਕਾਰ ਨਹੀਂ ਰੁਕਦੀ ਹੈ ਤਾਂ ਲੱਗਦਾ ਹੈ ਜਿਵੇਂ ਕੋਈ ਸਾਈਕਲ ਲੰਘਿਆ ਹੋਵੇ।

"ਕੌਰ ਆ ਗਈ" ਇਕ ਪਾਸਿਉਂ ਰੌਲਾ ਪੈਂਦਾ ਹੈ।

"ਕਿਥੇ ?"

"ਕਿਨ੍ਹਾਂ ਦੇ ਘਰ ?"

"ਕਦੋਂ ਆਈ ?"

"ਉਹਦੀ ਕਾਰ ਕਿਥੇ ਖੜੀ ਆਂ ?"

"ਕਾਰ ਦਾ ਰੰਗ ਕੀ ਸੀ ?"

"ਨਾਲ ਕੌਣ ਆਇਆ ?"

"ਕਦੋਂ ਲਗਣਾ ਗੌਣ ?"

"ਕਿੰਨੇ ਘੰਟੇ ਗਾਊ ?"

ਸਵਾਲ ਉਪਰ ਸਵਾਲ ਹੋ ਰਿਹਾ ਹੈ।

"ਉਥੇ" ਕੋਈ ਇਸ਼ਾਰਾ ਕਰਦਾ ਹੈ।

ਹਜੂਮ ਬਿਕਰ ਸਿਹੁੰ ਦੀ ਬੈਠਕ ਮੂਹਰੇ ਇਕੱਠਾ ਹੁੰਦਾ ਜਾ ਰਿਹਾ ਹੈ। ਨਿਆਣੇ ਤਾਕੀਆਂ ਤੇ ਚੜ੍ਹ ਚੜ੍ਹ ਕੇ ਰੋਸ਼ਨਦਾਨਾਂ ਥਾਣੀਂ ਕੌਰ ਨੂੰ ਦੇਖਦੇ ਕਹਿੰਦੇ ਹਨ, "ਹੈਗੀ ਉਏ—ਸੱਚੀ ਉਏ—ਨੀਲਾ ਸੂਟ ਪਾਇਆ—ਨੀਲਾ ਈ ਉਏ—ਸ਼ਾਲ-ਬੌਤ ਹੀ ਸੋਹਣੀ ਆ...।"

ਹਜੂਮ ਵਧਦਾ ਜਾ ਰਿਹਾ ਹੈ।

"ਜੌਰੇਓ—ਉਹ ਵੀ ਜ਼ਨਾਨੀ ਹੀ ਆ" । ਬਿਕਰ ਸਿਹੁੰ ਖਿੱਝ ਉਠਦਾ ਹੈ।

"ਫੇਰ ਖੋਲ੍ਹ ਦਿਓ ਦਰਵਾਜ਼ੇ ।"

"ਠਹਿਰ ਜਾ—ਮੈਂ ਖੋਲ੍ਹਦਾ"। ਬਿਕਰ ਸਿਹੁੰ ਦਾ ਮੁੰਡਾ ਬੋਲਣ ਵਾਲੇ ਨੂੰ ਕਹਿੰਦਾ ਹੈ।

ਬਿਕਰ ਸਿਹੁੰ ਅਗਾਂਹ ਹੋ ਕੇ ਹਜੂਮ ਨੂੰ ਸਟੇਜ ਵਾਲੀ ਜਗ੍ਹਾ ਵਲ ਜਾਣ ਲਈ ਹੱਥ ਜੋੜਦਾ ਹੈ। ਅੱਧਾ ਕੁ ਪ੍ਰਭਾਵ ਪੈਂਦਾ ਹੈ। ਇਧਰ ਉਧਰ ਹਜੂਮ ਖਿਲਰਣ ਲਗਦਾ ਹੈ।

ਗਲੀਆਂ 'ਚ ਰੌਣਕ ਹੈ। ਮੋੜਾਂ ਤੇ ਭੀੜ ਹੈ। ਦੁਕਾਨਾਂ ਤੇ ਮੇਲਾ ਲਗਦਾ ਹੈ। ਸਾਈਕਲ ਹਨ। ਟਰੈਕਟਰ ਹਨ। ਸਕੂਟਰ ਹਨ। ਘੋੜੀਆਂ ਹਨ। ਟਰੱਕ ਹਨ। ਟਰੱਕ ਡਰਾਈਵਰ ਹਨ । ਨਵੇਂ ਕਪੜੇ ਪਾਏ ਹਨ ਸਾਰਿਆਂ। ਸਕੂਲ 'ਚ ਛੁੱਟੀ ਹੈ।

... ... ...

ਬੀਬੀ ਜੀ ਚਾਹ ਬਣਾਉਂਦੀ ਬਣਾਉਂਦੀ ਖਿੱਝ ਉਠੀ ਹੈ। ਦਸ ਮਿੰਟ ਬਾਅਦ ਮੈਂ ਰਸੋਈ 'ਚ ਜਾ ਕੇ ਆਰਡਰ ਦਿੰਦਾ ਹਾਂ।

"ਬੀਬੀ ਜੀ—ਚਾਅ ਬਣਾਈਂ—ਦੋ ਦੋਸਤ ਆਏ ਹਨ"। ਬੈਠਕ 'ਚ ਭੀੜ ਵਧਦੀ ਹੀ ਜਾ ਰਹੀ ਹੈ। ਪਤਾ ਨਹੀਂ ਲਗਦਾ ਕਿਥੋਂ ਇਨ੍ਹਾਂ ਨੂੰ ਪਤਾ ਲਗ ਗਿਆ। ਮੇਰੇ ਘਰ ਮੋਹਰੇ ਆ ਕੇ ਇਕ ਅਵਾਜ਼ ਰੁਕਦੀ ਹੈ, "ਆ-ਅਹ-ਆ-ਐਮ. ਏ. ਭਾਈ ਦਾ" ਤੇ ਆਉਣ ਵਾਲਾ ਸਾਹਮਣੇ ਬੈਠੇ ਦੋਸਤਾਂ ਵਲ ਆਪੇ ਹੀ ਚਲਾ ਜਾਂਦਾ ਹੈ।

—ਮਜ਼ਾ ਆਊ ।

—ਮੈਂ ਤਾਂ ਪਹਿਲੀ ਵਾਰ ਦੇਖਣੀ।

—ਕਹਿੰਦੇ ਗੌਂਦੀ ਬੌਤ ਸੁਹਣਾ।

—ਰਿਕਾਰਡ ਤਾਂ ਅਜੇ ਤਕ ਸੁਣੇ ਹਨ ਇਸਦੇ ਠੀਕ ਹੀ ਸਨ।

ਕਿਆਸ ਲਗਾ ਰਹੇ ਹਨ ਮੇਰੇ ਦੋਸਤ।

ਮੈਨੂੰ ਤਾਂ ਚਾਹ ਵਰਤਾਉਣ ਤੋਂ ਵਿਹਲ ਹੀ ਨਹੀਂ ਮਿਲ ਰਹੀ ਹੈ। ਮੈਂ ਬੀਬੀ ਜੀ ਨਾਲ ਚਾਹ ਬਣਾਉਣ 'ਚ ਮਦਦ ਕਰਦਾ। ਕਦੀ ਨਲਕੇ ਕੋਲ ਜਾ ਕੇ ਕੱਪ ਧੋ ਲਿਆਉਂਦਾ ਹਾਂ ਤੇ ਕਦੀ ਕੇਤਲੀ। ਸ਼ੁਕਰ ਹੈ ਉਪਰ ਵਾਲੇ ਦਾ। ਮੱਝ ਤਾਜ਼ੀ ਸੂਈ ਹੈ। ਨਹੀਂ ਤਾਂ ਐਨਾ ਦੁਧ ਕਿਥੋਂ ਮਿਲਦਾ। ਬੀਬੀ ਜੀ ਨੂੰ ਚੁੱਪ ਰਹਿਣ ਲਈ ਮਿੰਨਤ ਕਰਦਾ ਹਾਂ। ਉਹ ਕਹਿੰਦੀ ਹੈ— "ਐਨਾ ਮੇਲ ਤਾਂ ਵਿਆਹ ਆਲਿਆਂ ਦੇ ਨਹੀਂ ਆਇਆ ਹੋਣਾ ।"

... ... ...

ਕੌਰ ਸਟੇਜ ਤੇ ਆ ਗਈ ਹੈ।

—ਬੜੀ ਸੋਹਣੀ ਆ।

—ਉਮਰ ਚਾਲੀ ਕੁ ਸਾਲਾਂ ਦੀ ਲਗਦੀ ਆ।

—ਸਾਲਾ ਚਾਲੀ ਸਾਲਾਂ ਦਾ। ਮਰ ਕੇ ਚੌਵੀਵਾਂ ਲਗਾ ਹੋਣਾਂ।

— ਗੋਲ ਮੋਲ ਆ—ਉਪਰੋਂ—ਹੇਠੋਂ।

—ਆ ਨਾਲ ਕੌਣ ਆ ਗੌਣ ਵਾਲਾ।

—ਲਗਦਾ ਤਾਂ ਮਿਆਣਕ ਆਂ ਫਤਿਹਪੁਰੀਆਂ।

—ਗੱਲ ਬਣੂਗੀ ਅੱਜ, ਮੇਰਾ ਇਕ ਦੋਸਤ ਮੇਰੇ ਕੂਹਣੀ ਮਾਰ ਕੇ ਕਹਿੰਦਾ ਹੈ।

ਮੈਂ ਚੁੱਪ ਹਾਂ।

ਸਟੇਜ 'ਤੇ ਟੇਪ ਰਿਕਾਰਡਰਾਂ ਦਾ ਢੇਰ ਲਗ ਰਿਹਾ ਹੈ। ਬਰਾਤੀਆਂ ਮੰਜੇ ਧੂ-ਧੂ ਕੇ ਸਟੇਜ ਦੇ ਕੋਲ ਕਰ ਲਏ ਹਨ। ਜਿਵੇਂ ਇਹ ਉਨਾਂ ਦਾ ਹੱਕ ਹੀ ਬਣਦਾ ਹੈ।

"ਪਹਿਲਾਂ ਅਸੀਂ ਗੁਰਬਾਣੀ ਗਾਵਾਂਗੇ। ਫੇਰ ਬਾਣੀ ਤੇ ਫੇਰ ਪਾਣੀ" ਸਟੇਜ ਸੈਕਟਰੀ ਮਾਇਕ 'ਚ ਫੂਕ ਮਾਰ ਕੇ ਕਹਿੰਦਾ ਹੈ।

ਸ਼ੋਰ ਉਠਦਾਂ ਹੈ।

—ਪਾਣੀ ਪਹਿਲਾਂ।

—ਗੁਰਬਾਣੀ ਸੁਨਣ ਲਈ ਗੁਰਦੁਆਰੇ ਥੋੜੇ ਆ।

—ਕੰਮ ਦੀ ਗੱਲ ਸ਼ੁਰੂ ਕਰੋ।

ਕੌਰ ਗੁਰੂ ਗ੍ਰੰਥ ਸਾਹਿਬ 'ਚੋਂ ਸ਼ਬਦ ਗਾਉਂਦੀ ਹੈ।

ਬਰਾਤੀਆਂ ਨੇ ਸ਼ਰਾਬ ਦੀਆਂ ਬੋਤਲਾਂ ਦੇ ਡੱਟ ਖੋਲ ਦਿੱਤੇ ਹਨ। ਉਹ ਮੂੰਹ ਨੂੰ ਸਿਧਿਆਂ ਹੀ ਬੋਤਲ ਲਗਾ ਰਹੇ ਹਨ।

ਹਜੂਮ 'ਚੋਂ ਵੀ ਸ਼ਰਾਬ ਦੀ ਬੂ ਉਠਣ ਲਗਦੀ ਹੈ।

ਕੌਰ ਆਲੇ ਦੁਆਲੇ ਦੇਖਦੀ ਹੈ।

ਚੁੱਪ ਦਾ ਰਾਜ ਹੈ।

ਹਜੂਮ ਕਿਲਿਆ ਗਿਆ। ਲੱਗਦਾ ਹੈ।

ਵਿਚ-ਵਿਚ ਟੇਪ ਰਿਕਾਰਡਰਾਂ ਦੀ ਟਿੱਪ-ਟਿੱਪ ਹੁੰਦੀ ਹੈ।

"ਦੇਖ ਐਮ. ਏ. ਭਾਈ—ਹਰਨਾਮ ਕੌਰ ਕਿਦਾਂ ਬਾਰੀ ਨਾਲ ਜੁੜ ਕੇ ਖੜੀ ਆਂ—ਕੋਠੇ ਤੇ ਚੜਦੀ ਨੂੰ ਸੰਗ ਲਗਦੀ ਹੋਣੀ ਆ" ਮਹਿੰਦਰ ਸਿੰਹੁ ਮੈਨੂੰ ਇਸ਼ਾਰੇ ਨਾਲ ਦਸਦਾ ਹੈ।

ਮੈਂ ਚੁੱਪ ਹਾਂ।

ਲੋਕ ਆ ਰਹੇ ਹਨ।

—ਇਹ ਕੀ ਗਾਈ ਜਾਂਦੀ।

—ਐਵੇਂ ਟਾਈਮ ਖਰਾਬ ਕਰਦੀ ਆ।

—ਇਹਨੂੰ ਤਾਂ ਸਟੇਜ ਬਨਣੀ ਨਹੀਂ ਔਂਦੀ।

—ਰਾਣੀ ਨੂੰ ਲਿਆਉਂਦੇ। ਡੂਢ ਦੀ ਥਾਂ ਦੋ ਲੈ ਲੈਂਦੀ।

ਹਜੂਮ ਹਰਕਤਾਂ ਕਰਨ ਲਗਦਾ ਹੈ। ਕੁੱਲ-ਬੁੱਲ-ਕੁੱਲ-ਬੁੱਲ ਹੋਣ ਲਗਦੀ ਹੈ। ਬਰਾਤੀਆਂ 'ਚ ਵੀ ਘੁਸਰ ਮੁਸਰ ਹੋ ਰਹੀ ਹੈ। ਹਿਲਜੁਲ ਹੁੰਦੀ ਹੈ।

ਵਿਆਂਦੜ ਦਾ ਭਰਾ ਉਠਦਾ ਹੈ। ਉਹ ਸਟੇਜ ਸੈਕਟਰੀ ਦੇ ਕੰਨ 'ਚ ਕੁਝ ਕਹਿੰਦਾ ਹੈ।

"ਲਉ ਜੀ—ਹੁਣ ਸੁਣੋ—ਸਾਡਾ ਪਿਛਲੇ ਮਹੀਨੇ ਰਿਕਾਰਡ ਹੋਇਆ ਗੀਤ—ਪਹਿਲਾਂ ਵੀ ਤੁਸੀਂ ਸੁਣਿਆ ਹੋਵੇਗਾ—ਡਰੈਵਰਾਂ ਬਾਰੇ—ਇਹ ਵੱਡੇ ਹਰਾਮੀ ਹੁੰਦੇ ਹਨ—ਜ਼ਨਾਨੀਆਂ ਨੂੰ ਤਾਂ ਕਹਿੰਦੇ—ਕੱਚੀ ਨੂੰ ਹੀ ਖਾ ਜਾਈਏ" ਸਟੇਜ ਸੈਕਟਰੀ ਭੂਮਿਕਾ ਤਿਆਰ ਕਰਦਾ ਹੈ।

ਕੌਰ ਕੰਨਾਂ ਤੇ ਹੱਥ ਰੱਖ ਕੇ ਹੇਕ ਕਢਦੀ ਹੈ। ਉਹ ਗਾਉਂਦੀ ਹੈ। "ਬੜੇ ਡਰੈਵਰ ਭੈੜੇ ਹੁੰਦੇ—ਮੈਂ—ਮੈਂ—ਮੈਂ—ਡਰਦੀ—ਡਰਦੀ—ਧਰਮ ਨਾਲ—ਸੌਂਹ ਤੇਰੀ—ਸੌਂਹ ਉਹਦੀ—ਡਰਦੀ ਨਾ ਬੈਂਦੀ..."

ਹਵਾਈ ਫਾਇਰ ਹੁੰਦਾ ਹੈ।

ਇਕ ਆਦਮੀ ਦੌੜਾ-ਦੌੜਾ ਆਉਂਦਾ ਹੈ। ਠੰਡ 'ਚ ਵੀ ਉਹ ਮੁੜਕੋ-ਮੁੜਕੀ ਹੋਇਆ ਸੀ। ਉਹ ਮੇਰੇ ਤੋਂ ਪੁਛਦਾ ਹੈ" ਕਦੋਂ ਦੀ ਆਈ ਆਂ ? ਕਿੰਨੇ ਤਵੇ ਗਾਏ ਆਂ ? ਫਲਾਨਾ ਗੀਤ ਤਾਂ ਨਹੀਂ ਗਾਇਆ ?...

ਮੈਂ ਚੁੱਪ ਹਾਂ।

ਉਹ ਮੇਰੇ ਵਲ ਘੂਰ ਕੇ ਦੇਖਦਾ ਹੈ ਤੇ ਪਰ੍ਹੇ ਜਾ ਕੇ ਖੜਾ ਹੋ ਜਾਂਦਾ ਹੈ।

ਕੌਰ ਗਾ ਰਹੀ ਹੈ। ਨੱਚ ਰਹੀ ਹੈ। ਹੱਸ ਰਹੀ ਹੈ। ਮਿਆਣਕ ਉਸ ਦੇ ਮੋਢੇ 'ਚ ਮੋਢਾ ਮਾਰ ਰਿਹਾ ਹੈ। ਵਿਚ-ਵਿਚ ਉਹ ਕੌਰ ਨੂੰ ਜੱਫੀ 'ਚ ਲੈਣ ਲਈ ਉਤਾਵਲਾ ਹੁੰਦਾ ਹੈ। ਗੱਲ ਤੇ ਦੰਦੀ ਵੱਢਣ ਲਈ ਮੂੰਹ ਅਗਾਂਹ ਲੈ ਜਾਂਦਾ ਹੈ। ਕੌਰ ਉਸਦੇ ਮੂੰਹ ਤੇ ਪੋਲੀ ਦੇਣੀ ਚਪੇੜ ਮਾਰਦੀ ਹੈ।

ਹਜੂਮ ਤਾੜੀਆਂ ਮਾਰਦਾ ਹੈ।

ਹਜੂਮ ਖੁਸ਼ ਹੈ। ਲੋਕ ਆ ਰਹੇ ਹਨ।

ਜਾਣ ਦਾ ਤਾਂ ਸਵਾਲ ਹੀ ਪੈਂਦਾ ਨਹੀਂ ਹੁੰਦਾ।

ਮੰਜਿਆਂ ਤੇ ਭੀੜ ਵਧ ਰਹੀ ਹੈ।

—ਇਧਰ ਆ—ਮੇਰੇ ਕੋਲ। ਅਵਾਜਾਂ ਹਨ।

... ... ...

"ਔਹ ਗੀਤ ਗਾ—ਬਾਬਾ ਸਤਰ ਸਾਲ ਦਾ" ਇਕ ਬਜ਼ੁਰਗ ਪੰਜਾਂ ਦਾ ਨੋਟ ਉਤਾਂਹ ਕਰਕੇ ਕਹਿੰਦਾ ਹੈ।

"ਅੱਛਾ—ਬਾਪੂ ਜੀ" ਸਟੇਜ ਸੈਕਟਰੀ ਮਾਇਕ ਸੰਭਾਲਦਾ ਹੈ।

"ਹੁਣੇ ਹੀ ਮੈਂ ਕਹਿਣਾ" ਬਜ਼ੁਰਗ ਡਿਗਦਾ-ਡਿਗਦਾ ਅਗਾਂਹ ਵਧਦਾ ਹੈ। ਉਸਦੇ ਹੱਥ 'ਚ ਬੋਤਲ ਫੜੀ ਹੈ।

"ਬੱਸ—ਇਥੇ ਹੀ ਖੜਾ ਰਹੁ—ਮੈਂ ਆ ਕੇ ਲੈ ਜਾਣਾ" ਸਟੇਜ ਸੈਕਟਰੀ ਮਾਇਕ ਤੋਂ ਉਰੇ ਆਉਣ ਲਗਦਾ ਹੈ।

"ਨਹੀਂ—ਤੂੰ ਨਹੀਂ—ਮੈਂ ਆਪੇ ਕੌਰ ਨੂੰ ਦਊ।"

—ਕੁਛ ਤਾਂ ਸ਼ਰਮ ਕਰ।

—ਸਿਰ 'ਚ ਕੋਈ ਕਾਲਾ ਵਾਲ ਰਹਿ ਗਿਆ ਹੋਣਾ।

—ਚੜੀ ਜਵਾਨੀ ਬਾਪੂ ਨੂੰ।

ਬਜ਼ੁਰਗ ਹਿਰਖ 'ਚ ਆ ਕੇ ਕਹਿੰਦਾ ਹੈ "ਵਰਤ ਕੇ ਦੇਖ ਲਓ"

ਹਜੂਮ ਤਾੜੀਆਂ ਮਾਰਦਾ ਹੈ।

ਬਜ਼ੁਰਗ ਸਟੇਜ ਵਲ ਨੂੰ ਜਾ ਰਿਹਾ ਹੈ।

"ਬਾਬਾ ਐਦਾਂ ਚੰਗਾ ਨਹੀਂ ਲਗਦਾ—ਉਹ ਕੀ ਕਹਿਣਗੇ—ਤੂੰ ਮੰਜੇ ਤੇ ਜਾ ਕੇ ਬੈਠ ਜਾ" ਘਰ ਵਾਲਾ ਕੋਈ ਉਸਨੂੰ ਸਮਝਾਉਂਦਾ ਹੈ।

"ਮੈਂ ਤਾਂ ਆਪ ਕੌਰ ਨੂੰ ਫੜਾਊਂ"

"ਬਾਬਾ—ਇਹ ਠੀਕ ਨਹੀਂ"

"ਫੇਰਾ ਜਿੱਦਾਂ ਠੀਕ ਆ—ਓਦਾਂ ਕਰ ਲੈ"

ਬਜ਼ੁਰਗ ਦਾ ਨਸ਼ਾ ਸਿਖਰਾਂ ਤੇ ਹੈ।

"ਬਾਪੂ ਜੀ—ਮੰਜੇ ਤੇ ਬਹਿ ਜਾਓ" ਕੌਰ ਕਹਿੰਦੀ ਹੈ।

"ਮੈਂ ਤਾਂ ਤੈਨੂੰ ਨੋਟ ਫੜਾ ਕੇ ਬੈਠੂ ਤੇ ਨਾਲ ਹੀ ਸੁੱਣੂ—ਬਾਬਾ—ਸੱਤਰ ਸਾਲ ਦਾ"

ਬਰਾਤੀਆਂ 'ਚੋਂ ਇਕ ਉਠਦਾ ਹੈ। ਉਹ ਬਜ਼ੁਰਗ ਨੂੰ ਕੇਸਾਂ ਤੋਂ ਫੜ੍ਹ ਲੈਂਦਾ ਹੈ ਤੇ ਇਕੋ ਝਟਕੇ ਨਾਲ ਬਜ਼ੁਰਗ ਨੂੰ ਹੇਠਾਂ ਡੇਗ ਲੈਂਦਾ ਹੈ। ਦੇਖੋ ਦੇਖੀ ਦੂਜੇ ਬਰਾਤੀ ਵੀ ਬਜ਼ੁਰਗ ਦੇ ਮਾਰਣ ਲਗਦੇ ਹਨ। ਕੁਝ ਜਾਣੂ ਬਜ਼ੁਰਗ ਨੂੰ ਬਚਾਉਂਦੇ ਹਨ। ਬਜ਼ੁਰਗ ਦੇ ਚਿੱਟੇ ਕਪੜੇ ਡੱਬ ਖੜੱਬੇ ਹੋ ਜਾਂਦੇ ਹਨ। ਪੱਗ ਤਾਂ ਪਤਾ ਨਹੀਂ ਲੱਗਦਾ—ਕਿੱਥੇ ਡਿੱਗ ਪਈ ਹੈ। ਪੈਰਾਂ 'ਚ ਜੁੱਤੀ ਵੀ ਨਹੀਂ ਹੈ।

ਬਜ਼ੁਰਗ ਅਜੇ ਵੀ ਕਹਿ ਰਿਹਾ ਹੈ "ਕੋਈ ਗੱਲ ਨਹੀਂ—ਕੋਈ ਗੱਲ ਨਹੀਂ"

... ... ...

ਕੌਰ ਗਾ ਰਹੀ ਹੈ।

ਲੋਕ ਆ ਰਹੇ ਹਨ।

—ਚੁਕ ਲੈ ਚੁਬਾਰੇ ਵਿਚੋਂ ਬਾਂਹ ਖਿੱਚ ਕੇ...
ਬਾਹਾਂ ਉੱਪਰ ਨੂੰ ਉੱਠਦੀਆਂ ਹਨ। ਉਂਗਲਾਂ 'ਚ ਨੋਟ ਹਨ। ਪੰਜਾਂ-ਪੰਜਾਂ ਦੇ। ਦੱਸਾਂ-ਦੱਸਾਂ ਦੇ। ਪੰਜਾਹਾਂ-ਪੰਜਾਹਾਂ ਦੇ। ਸੌ-ਸੌ ਦੇ। ਇਕ ਦੋ ਤਾਂ ਕੋਈ ਸੰਗਦਾ ਦੇਂਦਾ ਨਹੀਂ ਹੈ।

ਸਪੈਸ਼ਲ ਇਨਾਮ।

ਗੀਤਾਂ ਦੀ ਫਰਮਾਇਸ਼ ਹੋ ਰਹੀ ਹੈ।

ਕੌਰ ਦਾ ਪਰਸ ਰੁਪਈਆਂ ਨਾਲ ਭਰ ਚੁੱਕਾ ਹੈ।

ਲੋਕ ਆ ਰਹੇ ਹਨ।

ਫਾਇਰ ਹੋ ਰਹੇ ਹਨ।

ਤਿੰਨ ਵੱਜ ਚੁਕੇ ਹਨ। ਘਰੋਂ ਰੋਟੀ ਦੇ ਸੁਨੇਹੇ ਆ ਰਹੇ ਹਨ। ਵਾਰ ਵਾਰ।

ਮੰਜਿਆਂ ਦੀਆਂ ਦੌਣਾਂ ਟੁਟ ਰਹੀਆਂ ਸਨ। ਖਾਲੀ ਬੋਤਲਾਂ ਦਾ ਢੇਰ ਵਧਦਾ ਜਾ ਰਿਹਾ ਹੈ। ਮੈਂ ਸੁੰਨ ਖੜਾ ਹਾਂ। ਆਏ ਦੋਸਤ ਮੈਨੂੰ ਹਸਣੇ ਲਈ ਉਤੇਜਤ ਕਰਦੇ ਹਨ। ਕੌਰ ਦੇ ਐਕਸ਼ਨ ਵਲ ਇਸ਼ਾਰਾ ਕਰਦੇ ਹਨ। ਮੈਂ ਉਪਰੋਂ ਉਪਰੋਂ ਹਸਦਾ ਹਾਂ। ਵਿਚੋਂ ਤਾਂ ਮੈਂ ਦੌੜ ਜਾਣਾ ਚਾਹੁੰਦਾ ਹਾਂ। ਲੁਕ ਜਾਣਾ ਚਾਹੁੰਦਾ ਹਾਂ। ਦੌੜ ਕਿਵੇਂ ਸਕਦਾ ਹਾਂ।

"ਇਹ ਮੇਰਾ ਆਖਰੀ ਗੀਤ ਹੋਵੇਗਾ—ਛੜਿਆਂ ਤੇ ਤਾਂ ਪੂਰੇ ਦੋ ਸਾਲ ਅਸਰ ਕਰੇਗਾ" ਕੌਰ ਐਲਾਨ ਕਰਦੀ ਹੈ।

ਹਜੂਮ ਹੌਕਾ ਲੈਂਦਾ ਹੈ।

ਕੋਈ ਪੁਛ ਰਿਹਾ ਹੈ—ਕਿੰਨਾ ਚਿਰ ਹੋ ਗਿਆ ਇਸ ਨੂੰ ਗੌਂਦੀ ਨੂੰ।

—ਦੋ ਘੰਟੇ।

—ਸੱਚੀਂ।

ਘੜੀ ਦੇਖ ਲੈ।

—ਲੈ ਘੰਟਾ ਹੋਰ ਲਾ ਦਵੇ—ਇਸ ਦਾ ਕੀ ਘਸ ਜਾਣਾ।

ਇਕ ਹੋਰ ਗੀਤ ਦੀ ਫ਼ਰਮਾਇਸ਼ ਹੁੰਦੀ ਹੈ।

ਵਾਜਾ ਫੇਰ ਵਜਣ ਲਗਦਾ ਹੈ। ਘੜਾ ਫੇਰ ਖੜਕਣ ਲਗਦਾ ਹੈ। ਚਿਮਟੇ ਵਾਲੇ ਦੀਆਂ ਫੇਰ ਅੱਖਾਂ ਬੰਦ ਹਨ।

ਕੌਰ ਗਿੱਧਾ ਪਾਉਣ ਲਗੀ ਹੈ।

ਹਰਕਤਾਂ ਸਿਰੇ ਤੇ ਪੁਜ ਗਈਆਂ ਹਨ।

ਹਰਨਾਮ ਕੌਰ ਨੇ ਤਾਕੀ ਬੰਦ ਕਰ ਦਿਤੀ ਹੈ।

ਮੁਟਿਆਰਾਂ ਬੁਲ੍ਹਾਂ 'ਚ ਚੁੰਨੀਆਂ ਲੈ ਲਈਆਂ ਹਨ।

"ਹੁਣ ਗੁਜ਼ਾਰਾ ਹੋ ਗਿਐ" ਕੌਰ ਅੱਖ ਦਬ ਕੇ ਪੁਛਦੀ ਹੈ।

"ਨਹੀਂ"

ਰਲਮੀਆ ਮਿਲਮੀਆਂ ਜਿਹੀਆਂ ਅਵਾਜ਼ਾਂ ਆਉਂਦੀਆਂ ਹਨ।

ਹਜੂਮ ਹੌਕਾ ਲੈਂਦਾ ਹੈ।

"ਬਾਕੀ ਰਾਤ ਨੂੰ..." ਕਹਿ ਕੌਰ ਸਟੇਜ ਤੋਂ ਉਤਰ ਜਾਂਦੀ ਹੈ।

ਹਜੂਮ ਕੌਰ ਦੀ ਕਾਰ ਪਿਛੇ ਪਿਛੇ ਦੌੜਣ ਲਗਾ ਹੈ।

... ... ...

"ਚਾਚਾ ਕੌਰ ਨੇ ਬਹਿਜਾ-ਬਹਿਜਾ ਕਰਾ ਤੀ", ਮੇਰਾ ਭਤੀਜਾ ਟੇਪ ਰਿਕਾਰਡਰ ਤੇ ਕੌਰ ਦੀ ਕੈਸਟ ਪਾਉਂਦਾ ਹੈ।

"ਰਹਿਣ ਦੇ ਉਏ"।

"ਚਾਚਾ ਸੁਣ ਕੇ ਤਾਂ ਦੇਖ"।

"ਸਾਲਾ—ਕੀ ਗੰਦ ਸੀ"। ਮੈਂ ਉਸ ਕੋਲੋਂ ਟੇਪ ਰਿਕਾਰਡ ਖੋਹ ਲੈਂਦਾ ਹਾਂ ਤੇ ਕੈਸਟ ਕਢ ਕੇ ਕੋਠੇ ਉਪਰ ਵਗਾਹ ਮਾਰਦਾ ਹਾਂ।

"ਚਾਚਾ ਤੈਨੂੰ ਕੀ ਹੋ ਗਿਆ" ਮੇਰਾ ਭਤੀਜਾ ਹੈਰਾਨ ਹੋਇਆ ਮੇਰੇ ਵਲ ਦੇਖਦਾ ਹੈ। ਉਸ ਨੂੰ ਲਗਦਾ ਹੈ ਜਿਵੇਂ ਮੈਂ ਜਗੋਂ ਤੇਹਰਵੀਂ ਗੱਲ ਕੀਤੀ ਹੋਵੇ।

"ਨਿਊਡ" ਮੈਂ ਹਬਾੜ ਕਢਦਾ ਹਾਂ।

ਹੁਣ ਕੌਰ ਦੀ ਅਵਾਜ਼ ਸਪੀਕਰ ਵਿਚੋਂ ਆ ਰਹੀ ਹੈ। ਘਰਾਂ 'ਚ ਟੇਪ ਰਿਕਾਰਡਾਂ ਬੋਲ ਰਹੀਆਂ ਹਨ। ਗਲੀਆਂ 'ਚੋਂ ਚੀਕਾਂ ਦੀਆਂ ਅਵਾਜ਼ਾਂ ਆਉਂਦੀਆਂ ਹਨ। ਕੌਰ—ਕੌਰ—ਕੌਰ ਹੋ ਰਹੀ ਹੈ। ਮਜ਼ਾ ਆ ਗਿਆ। ਮਜ਼ਾ ਆ ਰਿਹਾ ਹੈ—ਹੋ ਰਿਹਾ ਹੈ। ਹੌਕਿਆਂ ਦੀ ਭਾਫ਼ ਉੱਠ ਰਹੀ ਹੈ। ਮੈਂ ਕੰਨਾਂ 'ਚ ਉਂਗਲਾਂ ਲੈਂਦਾ ਹਾਂ। ਅਵਾਜ਼ ਤਾਂ ਫੇਰ ਵੀ ਆ ਰਹੀ ਹੈ—ਕੌਰ ਗਾ ਰਹੀ ਹੈ। ○

ਮਿੰਨੀ ਕਹਾਣੀ

## ਗੋਤਾ ਖੋਰ

o ਸੁਰਜੀਤ 'ਢੀਂਡਸਾ'

ਪਿੰਡ ਘਨੌਤਰ ਸਿੰਘ ਵਾਲਾ ਵਿੱਚ ਜਦ ਵੀ ਚਾਰ ਬੰਦੇ ਜੁੜਕੇ ਬਹਿੰਦੇ ਤਾਂ ਅਖਬਾਰਾਂ ਦੀਆਂ ਖਬਰਾਂ ਤੇ ਇਧਰ ਉਧਰ ਦੀਆਂ ਸਿਆਸੀ ਗੱਲਾਂ ਚਲਦੀਆਂ ਰਹਿੰਦੀਆਂ। ਬਹਿਸਾਂ ਹੁੰਦੀਆਂ, ਗੱਲ ਹੱਥੋਪਾਈ ਤੱਕ ਜਾ ਪਹੁੰਚਦੀ, ਚੰਦਾ ਫੌਜੀ ਕਿਸੇ ਨੂੰ ਗੱਲ ਨਾ ਕਰਨ ਦਿੰਦਾ, ਅਰੇ ਯਹਾਂ ਕਿਆ ਪੜਾ ਹੈ ਜੋ ਕੁਛ ਹੈ ਮਿਲਟਰੀ ਮੇਂ ਹੈ। ਕਾਮਰੇਡ ਟੱਲੀ ਆਪਣੀ ਕਾਮਰੇਡੀ ਘੋਟਦਾ ਉਸਦਾ ਨਿਸ਼ਾਨਾ ਹਮੇਸ਼ਾਂ ਸਰਕਾਰ ਹੁੰਦੀ, ਹਰੀਆ ਪੰਡਤ ਰਮਾਇਣ ਦੀਆਂ ਤੁਕਾਂ ਦੇ ਕੇ ਸੰਤੁਸ਼ਟ ਕਰਾਉਣ ਦੀ ਕੋਸ਼ਿਸ਼ ਕਰਦਾ, ਬਾਕੀ ਲੋਕ ਸੁਣਦੇ ਰਹਿੰਦੇ ਇਸ ਤਰ੍ਹਾਂ ਬਹਿਸ ਚਲਦੀ ਹੀ ਰਹਿੰਦੀ।

ਅੱਜ ਗੱਲ ਸਰਹੰਦ ਨਹਿਰ ਵਿੱਚ ਬੱਸ ਡਿਗਣ ਸਬੰਧੀ ਚੱਲ ਰਹੀ ਸੀ, ਕਾਮਰੇਡ ਕਹਿ ਰਿਹਾ ਸੀ, ਸਾਥੀਓ ਪੁਲ ਤੰਗ ਸੀ, ਪਤਾ ਨੀ ਕਦੋਂ ਦਾ ਬਣਿਆ ਹੋਣਾ, ਗੱਲ ਮੁਕਦੀ ਕਿ ਉਸ ਨੇ ਤੱਥਾਂ ਨਾਲ ਸਾਰਾ ਕਸੂਰ ਸਰਕਾਰ ਦਾ ਕੱਢ ਦਿੱਤਾ ਸੀ। ਹਰੀਆ ਪੰਡਤ ਡਰਾਈਵਰ ਨੂੰ ਕੋਸ ਰਿਹਾ ਸੀ ਕਿ 'ਮਾਹਾਰਾਜ' ਡਰਾਈਵਰ ਸ਼ਰਾਬ ਪੀ ਕੇ ਗੱਡੀ ਚਲਾਉਂਦੇ ਨੇ, ਉਸ ਤੋਂ ਦੁਪਹਿਰ ਦੇ ਖਾਧੇ ਮੀਟ ਦੀ ਸੁਸਤੀ ਹੀ ਨਹੀਂ ਲਹੀ ਹੋਣੀ, ਕਿੰਨੇ ਲੋਕ ਮਾਰ ਦਿਤੇ ਸਿੱਧਾ ਨਰਕਾਂ ਨੂੰ ਜਾਊ, ਇਹਦੀ ਤਾਂ ਗਤੀ ਹਰਦਵਾਰ ਵੀ ਨੀ ਹੋਣੀ।

ਚੰਦਾ ਫੌਜੀ ਬੋਲਿਆ ਅਰੇ ਜੋ ਵਾਹਿਗੁਰੂ ਕੋ ਮਨਜ਼ੂਰ ਥਾ ਵੋਹ ਤੋ ਹੋ ਗਿਆ, ਪਰ ਤੁਮ ਲੋਗੋਂ ਨੇ ਸਰਕਾਰ ਕਾ ਪਰਬੰਧ ਦੇਖਾ, ਸਰਕਾਰ ਕੇ ਪਾਸ ਕੋਈ ਕਰੇਨ ਨੀ, 'ਕੋਈ ਗੋਤਾਖੋਰ ਨੀ, ਕਿ ਲਾਸ਼ੇਂ ਨਿਕਾਲੀ ਜਾ ਸਕੇਂ', ਅਰੇ ਹਦੋਂ ਪਰ ਦੁਸ਼ਮਨ ਕਾ ਟਾਕਰਾ ਕਰਨਾ ਹੈ ਤੇ ਫੌਜੀ ਜਵਾਨ, ਔਰ ਦੇਸ ਮੇਂ ਅੰਦਰੂਨੀ ਗੜਬੜ ਹੋ ਜਾਏ ਤੋ ਫੌਜੀ ਜਵਾਨ, ਔਰ ਤੁਮ ਕੋ ਹੋਰ ਬਤਲਾਤਾ ਹੂੰ ਇਸ ਨਹਿਰ ਮੇਂ ਸੇ ਲਾਸ਼ੇਂ ਨਿਕਾਲਨੇ ਕੇ ਲੀਏ ਹਮਾਰੇ ਗ਼ੋਤਾਖੋਰ ਬੰਬਈ ਸੇ ਆਏ ਔਰ ਫਿਰ ਕਹੀਂ ਦੋ-ਤੀਨ-ਦਿਨ ਮੇਂ ਲਾਸ਼ੇਂ ਨਿਕਾਲੀਂ।

ਦੋ ਬੰਦੇ ਇਕੱਠੇ ਹੀ ਬੋਲੇ ਕਿਉਂ ਚੰਦਾ ਸਿਆਂ ਗੋਤਾ ਖੋਰ ਐਡਾ ਵੱਡਾ ਗੋਤਾ ਕਿਵੇਂ ਮਾਰਦੇ ਨੇ ? ਤੇ ਕਿਵੇਂ ਪੱਟੂ ਲਾਸ਼ਾਂ ਕੱਢ ਲੈਂਦੇ ਨੇ ? ਕੀ ਆਪਣੇ ਪੰਜਾਬ ਕੋਲ ਕੋਈ ਗੋਤਾਖੋਰ ਹੀ ਨਹੀਂ ! ਚੰਦਾ ਸਿੰਘ ਬੋਲਿਆ ਲਓ ਸੁਣੋ ਬਾਤ, ਹਮਾਰੇ ਗੋਤਾ ਖੋਰ ਤੀਨ ਤੀਨ ਕੀ ਟੋਲੀ ਮੇਂ ਪਾਣੀ ਕੇ ਬੀਚ ਬੜ ਜਾਤੇ ਹੈਂ ਔਰ ਏਕ ਕਿਸ਼ਤੀ ਉਨਕੇ ਉਪਰ ਘੂੰਮਤੀ ਰਹਿਤੀ ਹੈ। ਗੋਤਾ ਖੋਰੋਂ ਕੀ ਪਿੱਠ ਪਰ ਗੈਸ ਸਲੰਡਰ ਫਿਟ ਹੋਤੇ ਹੈਂ,ਔਰ ਉਨ ਕੀ ਲਾਤੋਂ ਕੇ ਆਗੇ ਤੀਖੇ ਆਰੇ ਹੋਤੇ ਹੈ ਤਾਂ ਕਿ ਕੋਈ ਜਾਨਵਰ ਰੁਕਾਵਟ ਨਾ ਪਾ ਸਕੇ, ਜਹਾਂ ਲਾਸ਼ ਮਿਲਤੀ ਹੈ ਵੋਹ ਕੁੰਡੀ ਫਸਾ ਦੇਤੇ ਹੈਂ, ਕਿਸ਼ਤੀ ਵਾਲੋਂ ਕਾ ਕਾਮ ਹੈ ਲਾਸ਼ ਕੋ ਉਪਰ ਖੀਚਨਾ, ਔਰ ਵੋਹ ਤੀਨ ਤੀਨ ਘੰਟੇ ਲਗਾਤਾਰ ਪਾਣੀ ਮੇਂ ਹੀ ਰਹਿ ਸਕਦੇ ਹੈਂ ਯਾਨੀ ਉਨ ਕਾ ਗੋਤਾ ਤੀਨ ਘੰਟੇ ਕਾ ਹੈ। ਇਕ ਬੰਦਾ ਬੋਲਿਆ 'ਹੋਲਦਾਰਾ' ਐਡਾ ਵੱਡਾ ਗੋਤਾ ਅਪਣੇ ਪੰਜਾਬ ਵਿਚ ਸੁਣਿਆ ਤਾ ਹੈ ਨਹੀਂ।

ਕਾਮਰੇਡ ਬੋਲਿਆ, ਓਏ ਲੋਕੋ ਅਪਾਂ ਸਾਰੇ ਬੁੱਧੂ ਹਾਂ। ਪੰਜਾਬ ਵਿਚ ਤਾਂ ਐਦੂੰ ਕਿਤੇ ਵੱਡੇ ਵੱਡੇ ਗੋਤਾਖੋਰ ਨੇ ਜਿਨ੍ਹਾਂ ਦਾ ਗੋਤਾਘੱਟੋ ਘੱਟ ਪੰਜ 2 ਸਾਲਾਂ ਦਾ ਹੈ। ਪੰਜਾਂ ਸਾਲਾਂ ਬਾਦ ਉਨ੍ਹਾਂਨੂੰ ਜਿਓਣ ਵਾਸਤੇ ਗੈਸ ਸਲੰਡਰ ਵੀ ਅਪਾਂ ਹੀ ਦਿੰਨੇ ਹਾਂ। ਦੋ ਬੰਦੇ ਬੋਲ ਕਾਮਰੇਡਾ ਕੁਝ ਸਮਝ ਨੀ ਆਈ ਚੰਗੀ ਤਰ੍ਹਾਂ ਸਮਝਾ। ਕਾਮਰੇਡ ਬੋਲਿਆ ਓਏ ਆਹ ਤੁਹਾਥੋਂ ਵੋਟਾਂ ਲੈ ਕੇ ਜਾਣ ਵਾਲਿਆਂ ਦਾ ਗੋਤਾ ਹੈ ਨਹੀਂ ਪੰਜਾਂ ਸਾਲਾਂ ਦਾ ਤੇ ਥੋਡੀਆਂ ਵੋਟਾਂ ਇਨਾਂ ਲਈ ਗੈਸ ਸਲੰਡਰ ਨੇ ! ਸਾਰੇ ਲੋਕ ਤੇ ਚੰਦਾ ਫੌਜੀ ਕਾਮਰੇਡ ਵੱਲ ਬਿਟ 2 ਤੱਕ ਰਹੇ ਸਨ।

---

## ਗੀਤ/ਅਸੀਂ ਲੜਾਂਗੇ ਓ ਸਾਥੀ/ਸੁਰਜੀਤ ਬਰਾੜ

(ਪਾਸ਼ ਦੀ ਕਵਿਤਾ ਤੇ ਅਧਾਰਤ ਗੀਤ)

ਜਦ ਤੱਕ ਉਦਾਸ ਹੈ ਮੌਸਮ—ਤੇ ਰਾਤ ਕਾਲੀ ਸਿਆਹ।
ਅਸੀਂ ਲੜਾਂਗੇ ਓ ਸਾਥੀ—ਪੱਤਾ ਪੱਤਾ ਹਰ ਸਾਹ।

ਜਦ ਤੱਕ ਸਿਖਰ ਦੁਪਹਿਰੇ ਜੂਹੀਂ, ਉੱਚੀ ਹਾੜ ਬੋਲੇਗਾ।
ਜਦ ਤਕ ਮਿੱਠੀ ਕਿਰਤ ਅਸਾਡੀ, ਸ਼ਾਹ ਪੈਰੀਂ ਰੋਲੇਗਾ।
ਜਦ ਤੱਕ ਲੁੱਟਣਗੇ ਇਹ ਲੀਡਰ, ਬਣ ਕੇ ਸਾਡੇ ਖ਼ੈਰ-ਖਾਹ।
ਅਸੀਂ ਲੜਾਂਗੇ ਓ ਸਾਥੀ...

ਜਦ ਤੱਕ ਬਾਪੂ ਦੀ ਬਰੂਹੀਂ, ਦਾੜ੍ਹੀ ਪੁੱਟੀ ਜਾਊਗੀ।
ਜਦ ਤੱਕ ਧੀਆਂ ਦੀ ਏਥੇ—ਅਜ਼ਮਤ ਲੁੱਟੀ ਜਾਊਗੀ।
ਜਦ ਤਕ ਕੁੜੀਆਂ ਦੇ ਅਰਮਾਨ, ਹੁੰਦੇ ਰਹਿਣੇ ਨੇ ਸੁਆਹ।
ਅਸੀਂ ਲੜਾਂਗੇ ਓ ਸਾਥੀ...

'ਤੱਚੀ' ਫੈਕਟਰੀ ਅੰਦਰ ਜਦ ਤਕ, ਤਿੱਪ ਤਿਪ ਬਲੇਗਾ।
ਜਦ ਤਕ ਘੋਲੂ ਜੱਟ ਦਾ ਯਾਰੋ, ਜੁੱਸਾ ਖੇਤੀਂ ਢਲੇਗਾ।
ਜਦ ਤਕ ਫ਼ਾਂਸੀ ਉੱਤੇ ਪੁੱਠੇ, ਟੰਗੇ ਰਹਿਣੇ ਸੂਹੇ ਚਾਅ।
ਅਸੀਂ ਲੜਾਂਗੇ ਓ ਸਾਥੀ...

ਜਦੋਂ ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਏਗੀ।
ਜਦੋਂ ਤਲਵਾਰ ਨਾ ਹੋਈ, ਲੜਣ ਦੀ ਸਾਰ ਹੋਏਗੀ।
ਜਦ ਲੜਣ ਦੀ ਸਾਰ ਨਾ ਹੋਈ, ਤਦ ਹੋਊ ਲੋੜ ਦੁਆ।
ਅਸੀਂ ਲੜਾਂਗੇ ਓ ਸਾਥੀ...

ਅਸੀਂ ਕੋਹ ਕੋਹ ਮਾਰਿਆਂ ਦੀ, ਕਸਮ ਖਾ ਕੇ ਲੜਾਂਗੇ।
ਅਕਾਸ਼ੋਂ ਟੁੱਟੇ ਤਾਰਿਆਂ ਦੀ, ਕਸਮ ਖਾ ਕੇ ਲੜਾਂਗੇ।
ਲੜਿਆਂ ਹੀ ਮੁਕਤੀ ਮਿਲਦੀ, ਰਿਹਾ 'ਜੀਤ' ਸੱਚ ਸੁਣਾ।
ਅਸੀਂ ਲੜਾਂਗੇ ਓ ਸਾਥੀ, ਪੱਤਾ ਪੱਤਾ ਹਰ ਸਾਹ।

o

ਨਜ਼ਮ :

## 26 ਜਨਵਰੀ ਦੇ ਨਾਂ

—ਨਵਕਿਰਨ

o

ਅਸੀਂ ਜੰਮੇ ਸਾਂ;
ਕਿ ਜਵਾਨ ਹੋਕੇ ਬੁੱਢੇ ਬਾਪੂ ਦੀ ਡੰਗੋਰੀ ਬਣਾਂਗੇ
ਕਿ 'ਢਾਕੇ' ਦੀ ਮਲਮਲ ਵਰਗੀ ਸਾਫ਼-ਦਿਲ ਮਾਂ ਦੇ ਹੱਥ
ਮੁੜ ਕਦੇ ਵੀ ਗੋਹੇ 'ਚ ਨਈਂ ਲਿਬੜਨ ਦੇਵਾਂਗੇ
ਕਿ ਅਜ਼ਾਦ ਫਿਜ਼ਾਵਾਂ 'ਚ ਰੁਮਕਦੀ
ਕਿਸੇ ਮਨਚਲੀ ਮੁਟਿਆਰ ਵਰਗੀ ਪੌਣ 'ਚ
ਸਾਡੇ ਗੀਤਾਂ ਦੇ ਬੋਲ ਕੁਤਕੁਤਾਰੀਆਂ ਕੱਢਣਗੇ !
ਪਰ...!
—'ਉਨ੍ਹਾਂ'* ਸਾਡੇ ਜੰਮਦਿਆਂ ਹੀ
ਸਾਡੇ ਮਰਸੀਏ ਪੜਨੇ ਸ਼ੁਰੂ ਕਰ ਦਿੱਤੇ
ਆਪਣੀ ਨੰਬਰਦਾਰੀ ਕਾਇਮ ਰੱਖਣ ਲਈ
'ਉਨ੍ਹਾਂ' ਪੱਲ੍ਹਰਦੇ ਭਵਿੱਖ; ਮਾਂ ਦੇ ਛਿੰਦੇ ਪੁੱਤਾਂ ਦਾ ਸੀਨਾ
ਬਾਰੂਦ ਨਾਲ ਲੂਹ ਸੁੱਟਿਆ
ਤਾਂ ਜੋ, 'ਉਹ' ਸਾਡੇ ਬਾਪੂ ਦੀ ਪੱਗ ਨੂੰ ਲੀਰੋ-ਲੀਰ ਕਰਕੇ
ਜ਼ਖ਼ਮੀ ਹੋਏ ਭਵਿੱਖ ਦੇ ਪੱਟੀਆਂ ਬੰਨ ਸਕਣ ।
ਕਿਉਂਕਿ 'ਉਹ' 'ਇੱਕ ਪੰਥ ਦੋ ਕਾਜ' ਦੇ ਫਾਰਮੂਲੇ ਦੀ
ਗੁੜ੍ਹਤੀ ਲੈ ਕੇ ਜੰਮੇ ਹਨ !
—'ਉਨ੍ਹਾਂ' ਸਾਡੀ 'ਮਾਂ' ਦੀ ਹਿੱਕ 'ਚ
ਸ਼ਰ੍ਹਾ ਦੀ ਅੱਗ ਬਾਲ ਸੁੱਟੀ
ਤਾਂ ਜੋ, 'ਮਾਂ' ਦੀਆਂ ਛਾਤੀਆਂ 'ਚੋਂ ਸਿੰਮਦੇ
ਪਵਿੱਤਰ ਦੁੱਧ ਦੀਆਂ ਆਖਰੀ ਬੂੰਦਾਂ
'ਉਹ' ਆਪਣੀਆਂ ਅੱਖਾਂ ਸਾਹਮਣੇ
ਸੜਦੀਆਂ ਤੱਕ ਸੱਕਣ !
ਤੇ 'ਮਾਂ' ਦੀਆਂ ਸੁੱਕੀਆਂ ਦੁੱਧੀਆਂ
'ਉਹ' ਮਨਮਰਜ਼ੀ ਨਾਲ ਚੂੰਡ ਸਕਣ ।
—'ਉਨ੍ਹਾਂ' ਸਾਨੂੰ ਭੁੱਖੇ ਢਿੱਡੀਂ ਸੁਆਉਣ ਲਈ
ਬੜਾ ਚਿਰ "ਰੁੱਖੀ ਮਿੱਸੀ ਖਾਕੇ ਠੰਡਾ ਪਾਣੀ ਪੀ"
ਦੀਆਂ ਲੋਰੀਆਂ ਦਿੱਤੀਆਂ ।
—'ਉਨ੍ਹਾਂ' ਸਾਡੇ ਗੀਤਾਂ ਦੀਆਂ ਜੀਭਾਂ ਟੁੱਕ ਸੁੱਟੀਆਂ
...ਤੇ ਹੁਣ
ਉਹ ਸਾਡੇ ਪਰ ਕੱਟ ਕੇ
ਪੰਜਿਆਂ ਨੂੰ ਸੁੱਬੀਆਂ ਨਾਲ ਨਰੜ
ਮਘਦੀ ਭੋਇੰ ਤੇ ਸੁੱਟ
ਸਾਨੂੰ 'ਅਜ਼ਾਦ' ਕਹਿਕੇ
ਜਿੱਚ ਕਰਦੇ ਹਨ ।
ਕੀ ਸੱਚਮੁੱਚ ਏਹੋ ਸਾਡੀ 'ਅਜ਼ਾਦੀ' ਹੈ...?

(* 'ਉਨ੍ਹਾਂ' ਸ਼ਬਦ ਅਜ਼ਾਦੀ ਦੇ ਅਖੌਤੀ ਵਾਰਸਾਂ ਲਈ ਹੈ)

## ਲੋਹੜੀ

ਹਰਜੀਤ ਚੌਧਰੀਆ

o

ਪੋਲ ਦੀ ਕਾਲੀ ਬੋਲੀ ਰਾਤੇ
ਚੁਤਰਫੀਂ ਘੁੱਪ ਹਨੇਰ-ਖਾਤੇ
ਉੱਗੀਆਂ ਕਣਕਾਂ
ਚੁਗੀਆਂ ਕਪਾਹਾਂ
ਦੇ
ਲੁਟੇਰਿਆਂ ਦਾ ਲੂਹੜਾ ਪੱਸਰਿਆ ।
ਲੁੱਟਾਂ
ਦੱਬਾਂ
ਗੋਲੀਆਂ ਦੇ ਸੀਨਿਆਂ 'ਚ ਲੱਗਣ ਦੀ
ਹਾਹਾਕਾਰ ਏ ।
ਇਸ ਅੱਤ ਦੇ ਰਾਕਸ਼ ਨੂੰ ਸਾੜਨ ਲਈ
ਆਉ
ਲੋਹੜੀ ਲਾਈਏ !
ਸੁੱਕੇ ਸਰਕੜੇ ਦਾ ਪੂਲਾ ਵਿਚਾਲੇ ਟਿਕਾ ਕੇ
ਉਦਾਲੇ-ਪੁਦਾਲੇ ਡੱਕਰੇ ਪਾਥੀਆਂ
ਸੁੱਕਾ-ਗਿੱਲਾ ਬਾਲਣ
ਪਾਈਏ ।
ਔਹ ਦੇਖੋ
ਪਿੱਪਲਾਂ-ਬੋਹੜਾਂ ਦੇ ਮੁੱਢ
ਰਾਹਾਂ 'ਚ ਪਏ ਖੁੰਢ
ਇਨ੍ਹਾਂ ਨੂੰ ਪਾੜ ਪਾੜ ਕੇ
ਲੋਹੜੀ 'ਤੇ ਪਾਈਏ
ਇਕ ਤੀਲੀ ਸਰਕੜੇ ਨੂੰ ਲਾਈਏ
ਭਾਂਬੜ ਮੱਚ ਪਏਗਾ...।
ਆਉ ਲੋਕੋ !
ਮੁੱਛ-ਫੁੱਟ ਸ਼ਹੀਦਾਂ ਦੇ
ਹੋਇਆਂ ਨਾਤਿਆਂ ਦਾ ਗੁੜ ਵੰਡੀਏ ।
ਆਉਂਦੇ ਸਾਲ ਪਤਾ ਨੀਂ
ਕਿੰਨੇ ਹੋਰ ਮੰਗੇ ਜਾਣੇ ਨੇ ?
ਕਿੰਨੇ ਹੋਰ ਨਿਉਂਦੇ ਪੈਣੇ ਨੇ ?
ਪਤਾ ਨੀਂ
ਕਿੱਨਿਆਂ ਦੀ ਰੋਕ ਰੋਕੀ ਜਾਣੀ ਏਂ ?
ਤੇ ਲਾਗੀਆਂ ਨੇ ਲਾਗ ਲੈਣੇ ਨੇ ।
ਪਤਾ ਨੀਂ
ਆਂਉਦੀ ਲੋਹੜੀ ਨੂੰ
ਕਿੰਨੀਆਂ ਰਕਮਾਂ ਤਰਨੀਆਂ ਨੇ ?
ਕਿੰਨੇ ਕਬਜ਼ੇ ਟੁੱਟਣੇ ਨੇ ?
ਤੇ ਕਿੰਨੇ ਖਾਤੇ ਹੋਣੇ ਨੇ ?

ਆਉ !
ਹਰ ਸੱਥ 'ਚ ਲੋਹੜੀ ਲਾਈਏ !!
ਲੋਹੜੀ ਦੀ ਅੱਗ
ਕੱਕਰਾਂ ਨੂੰ ਗਰਮਾਏਗੀ
ਸੂਰਜ ਦੀ ਅੱਖ ਝਮਕਦਿਆਂ
ਅੰਧ-ਘੋਰ ਦੀ ਹੋਈ ਸੁਆਹ ਦੇਖੀਏ ।
ਕੁਝ ਗਿੱਲੇ ਮੁੱਢਾਂ ਦੇ ਸਿਰ
ਅਜੇ ਧੁਖ ਰਹੇ ਹੋਣਗੇ
ਹੋਈ ਸੁਆਹ ਦੇ ਢੇਰਾਂ ਨੂੰ
ਖੇਤਾਂ 'ਚ ਪਾਈਏ
ਖੇਤ ਵਾਹਈਏ
ਫੇਰ ਰੱਟਣਾਂ ਦੀ ਉਪਜ
ਤੁਹਾਡੀ ਕਾਮਿਆਂ ਦੀ ਅਪਣੀ ਹੋਵੇਗੀ ।
ਆਉ ਹਿੰਮਤੀਉ !
ਲੋਹੜੀ ਲਾਈਏ
ਏਕੇ ਤੇ ਵਿਧੀ ਦੇ ਤਿਲ
ਮਘਦੀ ਸੂਹੀ ਧੂਣੀ 'ਤੇ ਪਾਈਏ
ਗੀਤ ਗਾਈਏ—
ਈਸ਼ਰ ਆਵੇ
ਦਲਿੱਦਰ ਜਾਵੇ
ਦਲਿੱਦਰ ਦਾ ਘਰ ਚੁੱਲ੍ਹੇ ਪਾਈਏ ।
ਆਉ ਜਮਾਤੀਉ !
ਲੋਹੜੀ ਲਾਈਏ !!
ਲੋਹੜੀ ਪਾਈਏ !!!

o

## ਗੀਤ

o ਜਸਵਿੰਦਰ o

(ਸ਼ਹੀਦ ਬਾਬਾ ਬੂਝਾ ਸਿੰਘ ਨੂੰ ਸਮਰਪਤ)

ਇਕ ਕੇਸਰ ਦੇ ਬੂਝੇ ਲਾਈ ਇਕ ਚੰਦਨ ਦੀ ਵਾੜੀ ਹੋ ।
ਜਿਸ ਦੀ ਮਹਿਕ ਖਿਲਰ ਗਈ ਸਾਰੇ ਬਣ ਕੇ ਨਕਸਲਵਾੜੀ ਹੋ ।

ਉਸ ਬਾਬੇ ਨੇ ਲੋਕ ਦਿਲਾਂ ਵਿਚ ਲਾਈਆਂ ਜੜ੍ਹਾਂ ਪਤਾਲੀਂ ਹੋ ।
ਉਸ ਕਿਰਨਾਂ ਦਾ ਪੂਰ ਜੋੜਿਆ ਨੂਰਾ ਹੋ ਗਿਆ ਛਾਲੀਂ ਹੋ ।
ਜ਼ੁਲਮਾਂ ਦੇ ਜੰਗਲਾਂ ਵਿਚ ਬਣਿਆ, ਬੂਝਾ ਸਿੰਘ ਚੰਗਿਆੜੀ ਹੋ ।

ਕਦੇ ਨਾ ਮੁਕਦੇ ਸੰਗਰਾਮਾਂ ਦੀ ਉਸ ਨੇ ਅਉਧ ਹੰਢਾਈ ਹੋ ।
ਜਿਉਂ ਜਿਉਂ ਸ਼ਾਮ ਢਲੀ ਜਿੰਦ ਉਹਦੀ ਮਹਿਕੀ ਦੂਣ ਸਵਾਈ ਹੋ ।
ਉਹ ਗੱਜਿਆ, ਇਹ ਦੌਰ ਲੜਨ ਦਾ, ਰਹੇ ਨਾ ਕੋਈ ਅਨਾੜੀ ਹੋ ।

ਡੂੰਘੇ ਵਹਿਣੀ ਛੇੜ ਦਿਤੀ ਸੀ ਓਸ ਮਲਾਹ ਨੇ ਬੇੜੀ ਹੋ ।
ਜੋ ਉਸਦੇ ਰਾਹ ਆਣ ਖਲੋਈ, ਹੈ ਉਹ ਮੁਸ਼ਕਲ ਕਿਹੜੀ ਹੋ ।
ਫੁੱਲਾਂ ਵਰਗਾ ਕੋਮਲ ਸੀ, ਮਜ਼ਬੂਤ ਸੀ ਵਾਂਗ ਪਹਾੜੀ ਹੋ ।

ਜ਼ਰੇ ਜ਼ਰੇ ਤੇ ਪੈੜਾਂ ਕਰ ਗਿਆ ਸ਼ਾਹ ਮਾਰਗ ਦਾ ਰਾਹੀ ਹੋ ।
ਉਹ ਜਰਨੈਲਾਂ ਦਾ ਜਰਨਲ ਸੀ, ਫਿਰ ਵੀ ਸੰਤ ਸਿਪਾਹੀ ਹੋ ।
ਉਸ ਦੀ ਰੂਹ ਨੂੰ ਛਾਂਗ ਸਕੀ ਨਾ ਜ਼ੁਲਮ ਦੀ ਕੋਈ ਕੁਹਾੜੀ ਹੋ ।

ਯਾਦ ਉਹਦੀ ਨੂੰ ਸਿਜਦਾ ਕਰਦੇ ਅੰਬਰ ਤੇ ਤਾਰੇ ਹੋ ।
ਕਿਸੇ ਵੀ ਅੱਖ ਤੋਂ ਸਾਂਭ ਨਾ ਹੋਏ ਪਿਆਰ ਦੇ ਹੰਝੂ ਖਾਰੇ ਹੋ ।
ਕੰਮੀਆਂ ਲਈ ਕੁਰਬਾਨ ਹੋ ਗਿਆ, ਉਹ ਕਿਰਤਾਂ ਦਾ ਆੜੀ ਹੋ ।

o

---

## ਜੰਮੇ ਕੇਹੇ ਕਰੜੇ ਵਾਰ

ਅਜਮੇਰ ਸਿੰਘ

o

ਸਾਨੂੰ
ਨਾ ਕਦੇ ਰਾਹ ਸਮੇਂ ਨੇ ਦਿਤਾ
ਅਸੀਂ
ਨਾ ਕਦੇ ਅਪਣਾ ਸੀਸ ਝੁਕਾਇਆ
ਖੜਕੇ ਨਿਤ ਤਲਵਾਰ ।
ਹਰ ਸੂਰਜ ਦੇ ਨੂਰੀ ਮੱਥੇ
ਚੜ੍ਹਦਾ ਚੰਦਰਾ ਵਾਰ ।
ਜੀਵਨ ਮੌਤ ਦੀ ਖਹਿਬਾਜ਼ੀ
ਬਿਜਲੀ ਦੀ ਲਿਸ਼ਕਾਰ !
ਜੰਮੇ ਕੇਹੇ ਕਰੜੇ ਵਾਰ !

ਜੰਮੇ ਕੇਹੇ ਕਰੜੇ ਵਾਰ
ਨਗਰ ਨਗਰ ਵਿਚ
ਸ਼ਹਿਰ ਸ਼ਹਿਰ ਵਿਚ
ਡਗਰ ਡਗਰ ਵਿਚ
ਬਾਬਰ ਬਾਣੀ ਦੀ ਗੁੰਜਾਰ !
ਚੁਪ ਚੁਪੀਤੇ ਸਾਰੇ ਪਿੰਡ ਦੇ ਪਿੰਡੇ ਉੱਤੇ
ਸੁੰਨੀਆਂ ਕਬਰਾਂ ਦੀ ਚੁੱਪ ਛਾਈ !
ਬੰਦੇ—
ਜਿਉਂ ਕਿਆਮਤ ਦੇ ਦਿਨ ਤੋਂ ਪਹਿਲਾਂ
ਕਬਰਾਂ ਵਿਚੋਂ ਮੁਰਦੇ ਉੱਠੇ
ਬੰਦੇ—
ਜਿਉਂ ਮੌਤ ਦੇ ਦਿਨ ਤੋਂ ਪਹਿਲਾਂ
ਕਬਰਾਂ ਦੇ ਵਿਚ ਬੰਦੇ ਸੁੱਤੇ
ਏਹੋ ਜੇਹੇ ਮੌਸਮ ਅੰਦਰ,
ਪਿੰਡ ਦੇ ਉੱਚੇ ਟਿੱਲੇ ਬਹਿ ਕੇ
ਅਸਾਂ ਛੇੜਿਆ ਰਾਗ ਮਲ੍ਹਾਰ !
ਵੇਖੇ ਦੁਨੀਆਂ ਵੇਖੇ ਬੇਗਮ
ਵੇਖ ਰਹੀ ਸਰਕਾਰ
ਮਚ ਗਈ ਹਾਹਾਕਾਰ ਹਾਹਾਕਾਰ
ਜੈ ਜੈਕਾਰ ! ਜੈ ਜੈਕਾਰ !!

ਇਕ ਇਤਹਾਸਕ ਦਸਤਾਵੇਜ਼ :

# ਇਕ ਚਿੱਠੀ ਪ੍ਰੋਲਤਾਰੀ ਮਾਪਿਆਂ ਦੇ ਨਾਂ

—ਸੇਲੈਸਤੈਂ ਫਰੇਨੇ

(ਫਰੈਂਚ ਜ਼ਬਾਨ ਤੋਂ ਸਿੱਧਾ ਅਨੁਵਾਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਰਮਨੀਕ ਅਰੋੜਾ ਤੇ ਮਨਜੀਤ ਅਰੋੜਾ ਵਲੋਂ)

---

ਇਹ ਗੱਲ 1935 ਦੇ ਨੇੜੇ ਦੀ ਹੈ ਜਦੋਂ ਸੇਲੈਸਤੈਂ ਫਰੇਨੇ ਨੇ, ਜੋ ਕਿ ਫਰਾਂਸ ਵਿਚ ਇਕ ਅਧਿਆਪਕ ਸੀ, ਬੁਰਜੂਆ ਵਿਦਿਆ ਸਿਸਟਮ ਦੀ ਚੀਰ ਫਾੜ ਕਰਦਿਆਂ ਉਸ ਦੇ ਜਮਾਤੀ ਅੰਸ਼ ਨੂੰ ਨੰਗਿਆਂ ਕੀਤਾ ਅਤੇ ਇਸ ਨੂੰ ਮੇਹਨਤਕਸ਼ ਜਮਾਤ ਵਿਰੁਧ ਇਕ ਵਡੀ ਸਾਜ਼ਿਸ਼ ਸਾਬਤ ਕੀਤਾ। ਉਸ ਨੇ ਇਥੇ ਹੀ ਬਸ ਨਾ ਕੀਤੀ, ਸਗੋਂ ਫਰਾਂਸ ਵਿਚ ਇਕ ਨਵੀਂ ਪ੍ਰੋਲਤਾਰੀ ਵਿਦਿਆ ਪਰਣਾਲੀ ਦੀ ਨੀਂਹ ਰਖੀ। ਉਸ ਨੇ ਆਖਿਆ ਕਿ ਅਸੀਂ ਇਸ ਗੱਲ ਦੀ ਉਡੀਕ ਨਹੀਂ ਕਰ ਸਕਦੇ ਕਿ ਕਦੋਂ ਇਨਕਲਾਬ ਆਵੇ ਤੇ ਕਦੋਂ ਅਸੀਂ ਇਸ ਬੁਰਜੂਆਜ਼ੀ ਦੇ ਗਲ ਸੜੇ, ਅਕਾਊ ਤੇ ਜਮਾਤ ਦੁਸ਼ਮਣ ਵਿਦਿਆ ਸਿਸਟਮ ਨੂੰ ਖਤਮ ਕਰੀਏ। ਸਾਨੂੰ ਇਨਕਲਾਬ ਦੀ ਤਿਆਰੀ ਵਾਸਤੇ ਵੀ ਪ੍ਰੋਲਤਾਰੀ ਵਿਦਿਆ ਸਿਸਟਮ ਦੀ ਲੋੜ ਹੈ। ਉਹ ਇਕ ਉੱਚੀ ਪੱਧਵੀ ਤੇ ਯੂਨੀਵਰਸਿਟੀ ਅਧਿਆਪਕ ਸੀ। ਉਸ ਨੇ ਆਪਣੇ ਆਲੇ ਦੁਆਲੇ ਇਕ ਅਧਿਆਪਕਾਂ ਦੀ ਟੀਮ ਜਮਾਂ ਕੀਤੀ ਤੇ 'ਨਵੀਂ ਵਿਦਿਯਾ ਦੀ ਇਕ ਸਹਿਕਾਰੀ ਸੰਸਥਾ' (Cooperative Institute for the New School) ਦੀ ਬੁਨਿਆਦ ਰਖੀ, ਜਿਥੇ ਮੁਢਲੀ ਵਿਦਿਆ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤਕ ਦੀ ਪੜ੍ਹਾਈ ਇਕ ਨਵੇਂ ਪ੍ਰੋਲਤਾਰੀ ਦ੍ਰਿਸ਼ਟੀਕੋਣ ਤੋਂ ਕਰਾਈ ਜਾਂਦੀ ਹੈ। ਇਹ ਸੰਸਥਾ ਹਾਲੀ ਵੀ ਚਲ ਰਹੀ ਹੈ। ਇਸ ਦੇ ਨਾਲ ਜੁੜੇ ਹੋਏ ਲੋਕਾਂ ਨੂੰ 'ਫਰੇਨੇਵਾਦੀ' ਕਿਹਾ ਜਾਂਦਾ ਹੈ। ਸੇਲੈਸਤੈਂ ਫਰੇਨੇ ਨੇ ਇਹ ਸੰਸਥਾ ਸ਼ੁਰੂ ਕਰਨ ਵੇਲੇ ਪ੍ਰੋਲਤਾਰੀ ਮਾਪਿਆਂ ਦੇ ਨਾਂ ਇਕ ਚਿੱਠੀ ਲਿਖੀ, ਜੋ ਇਨਕਲਾਬੀ ਸਾਹਿਤ ਵਿਚ ਇਕ ਇਤਹਾਸਕ ਦਸਤਾਵੇਜ਼ ਹੋ ਕੇ ਨਿਬੜੀ। ਅਸੀਂ ਇਹ ਚਿੱਠੀ ਸਮਤਾ ਦੇ ਪਾਠਕਾਂ ਲਈ ਦੇ ਰਹੇ ਹਾਂ, ਜਿਸ ਨੂੰ ਫਰਾਂਸੀਸੀ ਜ਼ਬਾਨ ਤੋਂ ਸਿਧਿਆਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਰਮਨੀਕ ਅਰੋੜਾ ਅਤੇ ਮਨਜੀਤ ਅਰੋੜਾ ਨੇ ਆਪਣੇ ਅਧਿਆਪਕ ਅਕਸ਼ਯ ਬਕਾਇਆ ਦੀ ਨਿਗਰਾਨੀ ਥਲੇ ਅਨੁਵਾਦ ਕੀਤਾ। ਅਸੀਂ ਇਹਨਾਂ ਵਿਅਕਤੀਆਂ ਦੇ ਧੰਨਵਾਦੀ ਹਾਂ ਕਿ ਇਸ ਮਹਤਵਪੂਰਨ ਦਸਤਾਵੇਜ਼ ਨੂੰ ਪੰਜਾਬੀ ਪਾਠਕਾਂ ਨਾਲ ਸਾਂਝਾ ਕੀਤਾ ਹੈ।

—ਸੰਪਾਦਕ

---

ਮਜ਼ਦੂਰ ਤੇ ਕਿਸਾਨ ਸਾਥੀਓ,

ਸਾਨੂੰ ਅਧਿਆਪਕਾਂ ਨੂੰ ਬਹੁਤ ਵਾਰੀ ਸਥਾਪਤ ਵਿਦਿਆ ਸਿਸਟਮ ਦਾ ਸਮਰਥਨ ਕਰਨ ਲਈ ਕਿਹਾ ਜਾਂਦਾ ਹੈ। ਪਰ ਇਹ ਕਿਹੜਾ ਸਿਸਟਮ ਹੈ? ਇਹ ਉਹ ਸਿਸਟਮ ਹੈ, ਜਿਸ ਦੇ ਬਾਰੇ ਸਾਡੇ ਚੰਗੇ ਸਾਥੀਆਂ ਦੀ ਰਾਏ ਹੈ ਕਿ ਉਹ ਸਾਮਰਾਜਸ਼ਾਹੀ ਦੇ ਹੱਕ ਵਿਚ ਭੁਗਤਦਾ ਹੈ, ਜਿਹੜਾ ਮੇਹਨਤਕਸ਼ ਲੋਕਾਂ ਦੀ ਲੁੱਟ ਵਿਚ ਸਹਾਇਤਾ ਕਰਦਾ ਅਤੇ ਸਰਮਾਏਦਾਰਾਂ ਦੀ ਮੇਹਨਤਕਸ਼ ਲੋਕਾਂ ਨੂੰ ਸਰਮਾਏ ਦੀ ਗੁਲਾਮ ਬਨਾਉਣ ਵਾਲੀ ਮਸ਼ੀਨ ਦਾ ਇਕ ਪੁਰਜ਼ਾ ਹੈ।

ਕੀ ਸਾਡੇ ਕੋਲ ਕੋਈ ਦਲੀਲ ਜਾਂ ਕਾਰਣ ਹੈ ਕਿ ਅਸੀਂ ਇਸ ਵਿਦਿਆ ਸਿਸਟਮ ਦਾ ਸਮਰਥਨ ਕਰੀਏ? ਨਹੀਂ। ਤੇ ਕੀ ਫੇਰ ਇਸ ਨੂੰ ਅਸੀਂ ਇਕ ਸਿਰੇ ਤੋਂ ਨਿਖੇਧ ਦੇਈਏ ਤੇ ਹੱਥ ਤੇ ਹੱਥ ਧਰ ਕੇ ਉਸ ਸਮੇਂ ਦੀ ਉਡੀਕ ਕਰੀਏ ਜਦੋਂ ਦੇਸ਼ ਵਿਚ ਇਨਕਲਾਬ ਆਵੇਗਾ ਤੇ ਇਸ ਸਿਸਟਮ ਦਾ ਖਾਤਮਾ ਹੋਵੇਗਾ? ਕੀ ਅਸੀਂ ਉਨਾਂ ਚਿਰ ਆਪਣੇ ਬਚਿਆਂ ਦੀਆਂ ਪੀੜੀਆਂ ਦਰ-ਪੀੜੀਆਂ ਨੂੰ ਰੂੜੀਵਾਦੀ ਅਗਰਗਾਮੀਆਂ ਦੇ ਜਾਬਰ ਪੰਜਿਆਂ ਵਿਚ ਛੱਡ ਦੇਈਏ ਜਿਹੜੇ ਹਰ ਯਤਨ ਨਾਲ ਉਹਨਾਂ ਨੂੰ ਸਾਹ-ਹੀਣ ਬਨਾਉਣਾ ਚਾਹੁੰਦੇ ਹਨ? ਸਾਫ ਹੈ ਕਿ ਇਸ ਦਾ ਜਵਾਬ ਨਾਂਹ ਵਿਚ ਹੈ। ਇਸ ਲਈ ਸਾਨੂੰ ਆਪਣਾ ਸੰਘਰਸ਼ ਹੁਣੇ ਹੀ ਸ਼ੁਰੂ ਕਰਨਾ ਪਵੇਗਾ ਪਰ ਉਸਦਾ ਨਿਸ਼ਾਨਾ ਕੀ ਹੈ, ਉਹਦੀ ਦ੍ਰਿਸ਼ਟੀ ਕੀ ਹੈ, ਇਸ ਬਾਰੇ ਸਾਨੂੰ ਜ਼ਰੂਰ ਸਾਫ ਹੋਣਾ ਚਾਹੀਦਾ ਹੈ।

ਸਾਡੇ ਵਿਚੋਂ ਬਹੁਤੇ ਅਧਿਆਪਕ ਜੋ ਸੋਸ਼ਲਿਜ਼ਮ ਵਲ ਵਚਨਬੰਧ ਵੀ ਹਨ, ਉਹਨਾਂ ਦਾ ਇਹ ਵਿਚਾਰ ਹੈ ਅਤੇ ਉਹ ਯਤਨ ਵੀ ਕਰਦੇ ਹਨ ਕਿ ਸਮਕਾਲੀ ਵਿਦਿਆ ਸਿਸਟਮ ਵਿਚੋਂ ਵਧ ਤੋਂ ਵਧ ਨੁਕਤੇ ਲਭ ਕੇ ਇਸ ਨੂੰ

ਆਪਣੇ ਵਿਚਾਰਾਂ ਅਨੁਸਾਰ ਢਾਲਣ ਤੇ ਇਹਦਾ ਫਾਇਦਾ ਉਠਾਣ । ਪਰ ਇਹ ਕੋਈ ਆਸਾਨ ਕੰਮ ਨਹੀਂ, ਕਿਉਂਕਿ ਸਾਡੇ ਚਲਾਕ ਦੁਸ਼ਮਣਾਂ ਨੇ ਇਸ ਸਿਸਟਮ ਦੀਆਂ ਬੁਨਿਆਦਾਂ ਹੀ ਇਸ ਤਰ੍ਹਾਂ ਰਖੀਆਂ ਹਨ ਕਿ ਅਸੀਂ ਨਾ ਚਾਹੁਣ ਤੇ ਵੀ ਬੁਰਜੂਆਜ਼ੀ ਦੇ ਹੱਕ ਵਿਚ ਭੁਗਤ ਜਾਂਦੇ ਹਾਂ, ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਚਾਤਰ ਬੁਰਜੂਆ ਵਿਦਿਆ ਮਾਹਿਰਾਂ ਨੇ ਇਕ ਐਸਾ ਜਾਲ ਸਾਡੇ ਆਲੇ ਦੁਆਲੇ ਬੁਣਿਆ ਹੈ, ਜਿਹੜਾ ਬਾਹਰੋਂ ਬੜਾ ਹੀ ਮਸੂਮ ਲਗਦਾ ਹੈ ਪਰ ਜਿਸ ਦੀ ਖ਼ੂਨੀ ਪਕੜ ਬਹੁਤ ਸਖਤ ਹੈ। ਸਾਡੇ ਬਹੁਤ ਸਾਰੇ ਸਾਥੀ ਇਸ ਦੀ ਜਕੜ ਵਿਚ ਹਨ । ਵਡੇ ਵਡੇ ਸਾਹਿਤਕ ਸ਼ਬਦਾਂ ਦੀ ਮਦਦ ਨਾਲ ਜਿਨ੍ਹਾਂ ਵਿਚ ਡੁਲ੍ਹ ਡੁਲ੍ਹ ਪੈਂਦੇ ਗਿਆਨ ਦਾ ਭੁਲੇਖਾ ਪੈਂਦਾ ਹੈ, ਸਾਡੇ ਇਮਾਨਦਾਰਾਂ ਬੁਧੀਜੀਵਾਂ ਨੂੰ ਵੀ ਭੁਲੇਖਾ ਪਾ ਦੇਂਦਾ ਹੈ ਤੇ ਉਹਨਾਂ ਨੂੰ ਚੁੰਧਿਆ ਦੇਂਦਾ ਹੈ। ਅਸੀਂ ਕੁਝ ਲੋਕਾਂ ਨੇ ਇਹ ਅਹਿਸਾਸ ਕੀਤਾ ਹੈ ਕਿ ਇਸ ਵਿਦਿਆ ਸਿਸਟਮ ਦੀ ਹਕੀਕਤ ਨੂੰ ਸਮਝੀਏ ਤੇ ਇਸ ਦੇ ਮਾਰੂ ਅਸਰ ਤੋਂ ਆਪ ਬਚੀਏ ਤੇ ਆਪਣੇ ਲੋਕਾਂ ਨੂੰ ਬਚਾਈਏ। ਇਸ ਲਈ ਅਸੀਂ ਇਕ ਨਵੀਂ ਸੰਸਥਾ ਦੀ ਨੀਂਹ ਰਖੀ ਹੈ। ਸਾਨੂੰ ਪਤਾ ਹੈ ਕਿ ਸਾਡਾ ਕੰਮ ਔਖਾ ਹੈ ਪਰ ਕੀ ਇਨਕਲਾਬ ਸੌਖਾ ਕੰਮ ਹੈ ? ਸੋ ਅਸੀਂ ਜਦੋਂ ਤੁਹਾਨੂੰ ਸੰਬੋਧਨ ਹਾਂ ਤਾਂ ਇਸ ਬਾਰੇ ਪੂਰੀ ਤਰ੍ਹਾਂ ਚੇਤਨ ਹਾਂ ਕਿ ਸਾਡੇ ਸਾਹਮਣੇ ਕੀ ਨਿਸ਼ਾਨੇ ਹਨ । ਇਥੇ ਵਿਦਿਆ ਸਿਸਟਮ ਨੂੰ ਅਸੀਂ 'ਇਕ ਸਕੂਲ' ਦਾ ਨਾਂ ਦੇਵਾਂਗੇ ਕਿਉਂਕਿ ਇਹ ਸਾਰੀ ਸੰਸਥਾ ਆਪਣੇ ਆਪ ਵਿਚ ਇਕ ਸਕੂਲ ਹੀ ਹੈ।

ਜਦੋਂ ਕੋਈ ਸਕੂਲ ਬਾਰੇ ਗੱਲ ਕਰਦਾ ਹੈ, ਤੁਸੀਂ ਆਪਣੇ ਆਪ ਇਸ ਦਾ ਮਤਲਬ ਸਮਝਦੇ ਹੋ— ਵਿਦਿਆ।

ਅਤੇ ਸੱਚ ਪੁਛੋ ਤਾਂ ਅੱਜ ਕੱਲ ਦੇ ਸਮੇਂ ਦੇ ਸਕੂਲ ਦੀ ਕਾਢ ਪੂੰਜੀਵਾਦ ਨੇ ਹੀ ਕਢੀ ਸੀ, ਸਭ ਤੋਂ ਪਹਿਲਾਂ ਤੁਹਾਡੀ ਸਿਖਿਆ ਲਈ। ਇਹ ਮੰਤਵ ਹੱਲੇ ਵੀ ਕਾਇਮ ਰਖਿਆ ਜਾਂਦਾ ਹੈ ਪਰ ਅਫਸੋਸ ਹੈ ਥੋੜਾ ਜਿਹਾ। ਤੇ ਇਹ ਕਾਇਮ ਹੈ ਇਸ ਲਈ ਨਹੀਂ ਕਿ ਤੁਹਾਨੂੰ ਸੱਚੀ ਮਨੁੱਖਤਾ ਦੀ ਸਿਖਿਆ ਦੇਣ ਲਈ ਜਿਹੜੀ ਤੁਹਾਨੂੰ ਆਪਣੀ ਜ਼ਿੰਦਗੀ ਬਾਰੇ ਸਮਝਣ ਦੀ ਤਾਕਤ ਦੇਵੇ ਉਹ ਜ਼ਿੰਦਗੀ ਜਿਸ ਨੂੰ ਜੀਣ ਦਾ ਇਖਤਿਆਰ ਤੁਹਾਡੇ ਆਪਣੇ ਹੱਥ ਵਿਚ ਹੋਵੇ, ਸਗੋਂ ਇਸ ਸਕੂਲ ਵਿਚ ਤੁਹਾਨੂੰ ਸਿਰਫ ਤਕਨੀਕੀ ਨਜ਼ਰੀਏ ਤੋਂ ਪੜ੍ਹਾਇਆ ਜਾਂਦਾ ਹੈ ਤਾਕਿ ਤੁਸੀਂ ਆਰਥਕ ਤਰੀਕੇ ਨਾਲ ਜ਼ਿਆਦਾ ਲਾਭ-ਦਾਇਕ ਹੋਵੋ ਤਾਕਿ ਤੁਸੀਂ ਚੰਗੀ "ਪੈਦਾਵਾਰ" ਦਿਉ...

—ਤੁਹਾਨੂੰ ਸਕੂਲ ਭੇਜਿਆ ਹੈ ਤਾਕਿ ਤੁਸੀਂ ਪੜ੍ਹਨਾ, ਲਿਖਣਾ ਤੇ ਜੋੜਨਾ ਸਿਖੋ, ਕਿਉਂਕਿ ਸਰਮਾਏ-ਦਾਰੀ ਦੇ ਕਾਰਖਾਨਿਆਂ ਨੂੰ ਇਹੋ ਜਿਹੇ ਕੰਮ ਕਰਨ ਵਾਲੇ ਚਾਹੀਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਮੁਢਲੀ ਤਕਨੀਕਾਂ ਦੀ ਜਾਣਕਾਰੀ ਹੋਏ...

ਜੇ ਇਸ ਸ਼ਾਸਨ ਦੇ ਹਾਕਮ ਸਚਮੁਚ ਲੋਕਾਂ ਨੂੰ ਸਿਖਿਆ ਦੇਣਾ ਚਾਹੁੰਦੇ ਤਾਂ ਉਹ ਬਹੁਤ ਪਹਿਲਾਂ ਇਹ ਦੋ ਨਿਸਚਿਤ ਸੱਚ ਸਮਝ ਜਾਂਦੇ ਜਿਨ੍ਹਾਂ ਨੂੰ ਅਸੀਂ ਇਥੇ ਜ਼ੋਰ ਦੇਣਾ ਫਾਇਦੇਮੰਦ ਸਮਝਦੇ ਹਾਂ।

ਪਹਿਲਾ ਸੱਚ—ਸਕੂਲ ਦੇ ਆਪੀ ਐਲਾਨੇ ਹੋਏ। ਨਿਸ਼ਾਨੇ ਦੀ ਅਸਫਲਤਾ।

ਜੇ ਪੂੰਜੀਵਾਦ ਤੁਹਾਡੀ ਪੜ੍ਹਾਈ ਦਾ ਫਿਕਰਮੰਦ ਹੁੰਦਾ ਤਾਂ ਇਕ ਸਮਝਦਾਰ ਆਦਮੀ, ਉਸਨੂੰ ਬਹੁਤ ਪਹਿਲਾਂ ਇਹ ਸਮਝ ਆ ਜਾਣਾ ਸੀ ਕਿ ਇਸ ਸਕੂਲ ਦੀਆਂ ਕਾਰਵਾਈਆਂ ਕਿਸ ਹੱਦ ਤੱਕ ਫਜ਼ੂਲ ਹਨ...

ਜੇ ਕੋਈ ਪੁਛੇ ਕਿ ਇਨ੍ਹਾਂ ਢੇਰ ਸਾਰੇ ਬਚਿਆਂ ਲਈ ਸਿਖਿਆ ਦੇ ਇਸ ਸਾਰੇ ਯਤਨ ਦਾ ਕੀ ਬਣਦਾ ਹੈ ਤਾਂ ਅਸੀਂ ਵਧਾ-ਚੜ੍ਹਾਅ ਕੇ ਦੱਸਣ ਦੇ ਕਿਸੇ ਡਰ ਬਿਨਾਂ ਇਹ ਜਵਾਬ ਦੇ ਸਕਦੇ ਹਾਂ : ਪੜ੍ਹਣ, ਲਿਖਣ ਤੇ ਗਿਣਣ ਦੀਆਂ ਮੁਢਲੀਆਂ ਤਕਨੀਕਾਂ ਦੇ ਸਿਵਾਂ ਤਕਰੀਬਨ ਕੁਝ ਵੀ ਨਹੀਂ ।

ਸ਼ਾਇਦ ਹੱਠੀ ਦਿਮਾਗ ਰਖਣ ਵਾਲੇ ਕੁਝ ਬੰਦੇ ਇਹ ਕਹਿਣਗੇ ਇਹੀ ਬਹੁਤ ਹੈ। ਪਰ ਅਸੀਂ ਦਸਨਾ ਚਾਹਵਾਂਗੇ ਕਿ ਇਹ ਬਹੁਤ ਨਹੀਂ ਤੇ ਨਾਂ ਹੀ ਕਾਫੀ ਹੈ।

ਤੁਸੀਂ ਇਸ ਸਭ ਤੋਂ ਅਣਜਾਣ ਨਹੀਂ ਹੋ ਕਿ ਜ਼ਰੂਰਤ ਦੀ ਮਜਬੂਰੀ ਹੇਠ, ਇਕ ਜਵਾਨ ਜਾਂ ਇਕ ਸਿਆਣਾ ਆਦਮੀ—ਇੱਕ ਬੱਚੇ ਤੇ ਵੀ ਇਹੋ ਗੱਲ ਲਾਗੂ ਹੋਏਗੀ—ਕੁਝ ਹੀ ਦਿਨਾਂ ਵਿਚ ਜਾਂ ਕੁਝ ਹੀ ਘੰਟਿਆਂ ਵਿਚ ਪੜ੍ਹਨਾ ਤੇ ਲਿਖਨਾ ਸਿਖ ਸਕਦਾ ਹੈ...

ਇਹ ਸਭ ਠੀਕ ਹੈ, ਸਾਬਿਤ ਹੋ ਚੁਕਾ ਹੈ ਤੇ ਸਾਬਿਤ ਕੀਤਾ ਜਾ ਸਕਦਾ ਹੈ। ਪਰ ਹਕੂਮਤ ਦੇ ਫਾਇਦੇ ਲਈ ਇਹ ਜ਼ਰੂਰੀ ਹੈ ਕਿ ਕੋਈ ਇਨ੍ਹਾਂ ਇਲਮੀ ਤਰੀਕਿਆਂ ਨਾਲ ਤੁਹਾਨੂੰ ਬੇਵਕੂਫ ਬਣਾਏ ਜੋ ਕਿ ਤੁਹਾਡੇ ਦਿਮਾਗ ਨੂੰ ਸੁਸਤ ਬਣਾ ਦਿੰਦੇ ਹਨ ਤੇ ਤੁਹਾਡੇ ਵਿਚ ਖਾਲੀਪਨ ਦਾ ਅਹਿਸਾਸ ਭਰ ਦੇਂਦੇ ਹਨ ਤੇ ਤੁਸੀਂ ਮਾਤਾ-ਪਿਤਾ ਜਿਨ੍ਹਾਂ ਨੇ ਦਸ ਸਾਲ ਤਕ ਸਕੂਲ ਦੇ ਬੈਂਚਾਂ ਉਤੇ ਕਸ਼ਟ ਸਹੇ ਹਨ ਹੁਣ ਆਪਣੇ ਬਚਿਆਂ ਨੂੰ ਇਸੇ

ਕਸ਼ਟ ਵਿਚ ਪਾਕੇ ਰਾਜ਼ੀ ਹੋ । ਇਕ ਏਸੇ ਕੰਮ ਲਈ ਜੋ ਕੇਜਾਨ ਹੈ, ਜਿਸਦਾ ਕੋਈ ਫਾਇਦਾ ਨਹੀਂ ਹੈ, ਤੁਸੀਂ ਅਧਿਆਪਕ, ਜੋ ਕਿ ਇਸ ਬੇਫਜ਼ੂਲ ਤੇ ਗੈਰ ਮਾਮੂਲੀ ਗੁੰਝਲਦਾਰ ਕੰਮ ਦੇ ਸ਼ਿਕਾਰ ਹੋ, ਤੁਸੀਂ ਸਾਰੇ ਆਪਣੇ ਆਪ ਨੂੰ ਇਹ ਸਮਝਾਨ ਦੀ ਕੋਸ਼ਿਸ਼ ਕਰਦੇ ਹੋ ਕਿ ਜੋ ਕੁਝ ਵੀ ਸਕੂਲ ਵਿੱਚ ਪੜ੍ਹਾਇਆ ਜਾਂਦਾ ਹੈ ਕਾਫੀ ਔਖਾ ਹੈ ਤੇ ਸਿਰਫ ਹੁਨਰਮੰਦ ਹੀ ਇਸ ਤੋਂ ਫਾਇਦਾ ਉਠਾ ਸਕਦੇ ਹਨ ।

ਅਸੀਂ ਤੁਹਾਨੂੰ ਦਸਦੇ ਹਾਂ ਕਿ ਇਹੋ ਜਿਹੇ ਢੰਗ ਵੀ ਮੌਜੂਦ ਹਨ ਜੋ ਸਾਡੇ ਸਮਾਜ ਦੇ ਬਚਿਆਂ ਨੂੰ ਬਿਨਾਂ ਰੋਣ ਤੇ ਕਸ਼ਟ ਸਹਿਣ ਦੇ ਤੇ ਇਕ ਐਸੀ ਜ਼ਿੰਦਗੀ ਦੀ ਉਮੀਦ ਨਾਲ ਜੋ ਫੁਲ ਦੀ ਤਰਾਂ ਖਿੜਦੀ ਹੈ ਐਸੀ ਪੜ੍ਹਾਈ ਹਾਸਿਲ ਕਰਨ ਦਾ ਮੌਕਾ ਦੇਵੇਗੀ ਜੋ ਸੌ ਗੁਣਾ ਜ਼ਿਆਦਾ ਭਰੋਸੇਯੋਗ ਤੇ ਮਜ਼ਬੂਤ ਹੈ ਉਸ ਸਿਖਿਆ ਨਾਲੋਂ ਜੋ ਕਿ ਪੂੰਜੀਵਾਦ ਸਕੂਲ ਦੇ ਵਿਚ ਦਿਤੀ ਜਾਂਦੀ ਹੈ । ਅਸੀਂ ਤੁਹਾਨੂੰ ਇਹ ਵੀ ਦਸਾਂਗੇ ਕਿ ਕਿਉਂ ਇਹ ਹਕੂਮਤ ਇਨ੍ਹਾਂ ਬਰਾਬਰੀ ਦੇ ਤਰੀਕਿਆਂ ਨੂੰ ਨਾ ਤੇ ਮੰਨਦੀ ਹੈ ਤੇ ਨਾਂ ਇਨ੍ਹਾਂ ਦੀ ਪ੍ਰਸੰਸਾ ਕਰਦੀ ਹੈ ।

ਕਿਉਂਕਿ ਇਹ ਹਕੂਮਤ ਤੁਹਾਨੂੰ ਆਜ਼ਾਦ ਨਹੀਂ ਕਰਵਾਉਣਾ ਚਾਹੁੰਦੀ, ਉਹ ਸਗੋਂ ਪ੍ਰਤੀ ਦਿਨ ਤੁਹਾਨੂੰ ਹੋਰ ਵੀ ਅਧੀਨ ਕਰਨਾ ਚਾਹੁੰਦੀ ਹੈ : ਤੁਹਾਡੇ ਬਚਿਆਂ ਨੂੰ ਜੀਵਨ ਲਈ ਤਿਆਰ ਕਰਨ ਦੀ ਥਾਂ ਉਹਨਾਂ ਨੂੰ ਉਹਨਾਂ ਅਸੂਲਾਂ ਦੀ ਹਿਦਾਇਤ ਦਿੱਤੀ ਜਾਂਦੀ ਹੈ ਜੋ ਲੁੱਟ ਰਹੇ ਲੋਕਾਂ ਦੇ ਹਿੱਤ ਵਿਚ ਹਨ, ਉਹਨਾਂ ਨੂੰ ਇੱਕ ਚਾਰ ਦੀਵਾਰੀ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ—ਬਾਹਰ ਦੇ ਰੌਲੇ ਤੋਂ ਦੂਰ, ਕੰਮ ਦੇ ਮਾਨਸਕ ਉਨਤੀ ਸੰਬੰਧੀ ਮੇਹਨਤ ਅਤੇ ਸੰਘਰਸ਼ ਤੋਂ ਉਹਲੇ—ਇਹਨਾਂ ਸਭ ਚੀਜ਼ਾਂ ਤੋਂ ਉਹਲੇ ਜਿਹੜੀਆਂ ਉਹਨਾਂ ਨੂੰ ਸਚੇਤ ਬਣਾ ਕੇ ਹਕੂਮਤ ਲਈ ਖਤਰਨਾਕ ਸਾਬਤ ਹੋ ਸਕਦੀਆਂ ਹਨ ।

ਅਤੇ ਇਸ 'ਸਿਖਿਆ' ਰਾਹੀਂ ਜਿਸ ਨੂੰ ਤੁਸੀਂ ਠੀਕ ਹੀ ਇੰਨਾ ਮਹੱਤਵ ਦੇਂਦੇ ਹੋ, ਤੁਹਾਡੇ ਬੱਚੇ ਦੀ ਸੂਝਬੂਝ ਨੂੰ ਵਿਗਾੜ ਦਿੱਤਾ ਜਾਂਦਾ ਹੈ, ਬੰਦਸ਼ਾਂ ਦੀ ਪਾਬੰਦੀ ਨਾਲ ਉਨ੍ਹਾਂ ਦੀ ਜੀਵਨ-ਸ਼ਕਤੀ ਨੂੰ ਖਿੱਚ ਕੇ ਪੂਰੇ ਜ਼ੋਰ ਨਾਲ ਗਲਤ 'ਵਿਕਾਸ' ਤੇ 'ਭਵਿੱਖ' ਵਲ ਲਾਇਆ ਜਾਂਦਾ ਹੈ : ਜੋ ਕੁਝ ਵੀ ਹੈ ਉਸਨੂੰ ਸਹਿਣ, ਕਰਮ-ਪਾਤਰ ਬਣ ਕੇ ਝੱਲਣ ਤੇ ਪ੍ਰਵਾਨ ਕਰਨ ਦੇ ਆਦੀ ਬਣਾਇਆ ਜਾਂਦਾ ਹੈ; ਉਹਨਾਂ ਦੀ ਤਾਕਤ ਨੂੰ ਸਦਾ ਲਈ ਬਰਬਾਦ ਕਰ ਦਿਤਾ ਜਾਂਦਾ ਹੈ । ਅਤੇ ਇਹ ਸਾਡੀ ਸਾਰਿਆਂ ਦੀ ਬਦਕਿਸਮਤੀ ਹੈ, ਕਿ ਜਦੋਂ ਇਹ ਕੰਮ ਪੂਰਾ ਹੋ ਜਾਂਦਾ ਹੈ, ਤਾਂ ਬੱਚਿਆਂ ਤੇ ਨੌਜਵਾਨਾਂ ਨੂੰ ਜ਼ਿੰਦਗੀ ਦੇ ਵਿਚਕਾਰ ਛੱਡ ਦਿੱਤਾ ਜਾਂਦਾ ਹੈ, ਜਿਹੜੇ ਸਮਾਜਕ ਸਰਗਰਮੀ ਤੋਂ ਵੱਖ, ਤੇ ਜੀਵਨ-ਸ਼ਕਤੀ ਤੇ ਵਿਸ਼ਵਾਸ ਤੋਂ ਹੀਨ, ਬੱਸ ਸਿਰਫ ਭਾਰ ਢੋਣ ਵਾਲੇ ਜਾਨਵਰਾਂ ਵਾਂਗ ਖਾਮੋਸ਼ੀ ਨਾਲ ਕੰਮ ਕਰਨ ਯੋਗ ਹੋਣ, ਰੇਡੀਓ ਤੇ ਅਖਬਾਰਾਂ ਦੀਆਂ ਲੰਬੀਆਂ-ਚੌੜੀਆਂ ਗੱਲਾਂ ਨੂੰ ਠੀਕ ਮੰਨ ਲੈਣ, ਵੋਟ ਪਾਉਣ ਜਾਣ ਤੇ ਯੁੱਧ ਵਿੱਚ ਹਿੱਸਾ ਲੈਣ ।

ਕੀ ਇਹ ਨਿਰਾਸ਼ਾਵਾਦ ਹੈ ? ਬਿਲਕੁਲ ਨਹੀਂ ! ਪਰ ਅਫਸੋਸ, ਇਹੀ ਅਸਲੀਅਤ ਹੈ ।

ਨੌਜਵਾਨ ਦੀ ਪਹਿਚਾਨ ਕੀ ਹੈ, ਤੁਸੀਂ ਜਾਣਦੇ ਹੋ, ਉਹ ਹੈ ਉਸਦੀ ਜੀਵਨ ਦੀ ਬੇਹੱਦ ਅੰਤਰ-ਸ਼ਕਤੀ, ਤੇ ਰਚਨਾ ਕਰਨ ਦੀ, ਕੰਮ ਕਰਨ ਦੀ, ਆਪਣੀ ਸ਼ਖਸੀਅਤ ਨੂੰ ਉਭਾਰਨ ਤੇ ਨਿਖਾਰਨ ਦੀ ਜ਼ਰੂਰਤ । ਸਕੂਲ (ਆਪਣੇ) ਖਾਸ ਤਕਨੀਕਾਂ ਨਾਲ ਭਾਵੇਂ ਕੁਝ ਵੀ ਨਾ ਸਿਖਾਏ, ਸਿਰਫ ਜੀਵਨ ਦੀ ਇਸ ਸੁਭਾਵਕ ਪ੍ਰੇਰਨਾ ਨੂੰ ਹੀ ਉਭਾਰੇ; ਜੇਕਰ ਤੇਰ੍ਹਾਂ ਸਾਲ ਦੀ ਉਮਰ ਤੇ ਬੱਚਾ ਆਪਣੇ ਆਪ ਨੂੰ ਪਾਏਦਾਰ, ਨਿਡਰ ਤੇ ਤਾਕਤਵਰ ਮਹਿਸੂਸ ਕਰੇ ਤਾਂ ਬਹੁਤ ਕਰਾਮਾਤਾਂ ਵਿਖਾ ਸਕਦਾ ਹੈ ।

ਪਰ ਉਹ ਕਰਾਮਾਤ ਤਾਂ ਹੀ ਵਿਖਾ ਸਕਦਾ ਹੈ ਜੇਕਰ ਉਸਨੂੰ ਇਸਦਾ ਮੌਕਾ ਦਿੱਤਾ ਜਾਏ । ਉਹ ਵਧੇਗਾ-ਫੁੱਲੇਗਾ ਇਸ ਸ਼ਰਤ ਤੇ, ਕਿ ਘੱਟ ਤੋਂ ਘੱਟ ਉਸਦੇ ਇਸ ਵਿਕਾਸ ਨੂੰ ਜ਼ਿੰਦਗੀ ਬੇਰਹਿਮੀ ਨਾਲ ਨਾ ਰੋਕੇ ।

ਅਜ ਕਲ ਦੇ ਬੱਚੇ ਮਾਨਸਿਕ ਰੂਪ ਵਿਚ ਵਿਕ੍ਰਿਤ ਹਨ, ਜੀਵਨ ਅਤੇ ਯਤਨ ਤੋਂ ਉਚਾਟ ਹੋ ਚੁੱਕੇ ਹਨ, ਉਤਸ਼ਾਹ ਤੇ ਜੀਵਨ-ਸ਼ਕਤੀ ਤੋਂ ਰਹਿਤ ਹਨ ।

ਅਸੀਂ ਜੋ ਹਿਰਾਵਲ-ਸਿਖਿਅਕ ਹਾਂ, ਸਾਡਾ ਕਰਤੱਵ ਤੇ ਉਦੇਸ਼ ਹੈ, ਪੂੰਜੀਵਾਦ ਦੀ ਬੁਰਾਈ ਨੂੰ ਸਕੂਲ ਵਿੱਚੋਂ ਜਿੰਨਾ ਹੋ ਸਕੇ, ਘਟਾ ਦੇਈਏ, ਤੇ ਮਜ਼ਦੂਰ ਤੇ ਕਿਸਾਨ ਬੱਚੇ ਵਿੱਚ ਇਸ ਜੀਵਨ-ਸ਼ਕਤੀ ਦਾ ਵਿਕਾਸ ਕਰੀਏ, ਜਿਸ ਉਤੇ ਅਸੀਂ ਆਪਣੀਆਂ ਸਾਰੀਆਂ ਆਸਾਂ ਲਾ ਕੇ ਬੈਠੇ ਹਾਂ । ਅਤੇ ਅਸੀਂ ਤੁਹਾਨੂੰ ਦੱਸਾਂਗੇ ਕਿ ਉਹਨਾਂ ਸਿਖਿਅਕਾਂ ਵਲ ਤੁਹਾਡਾ ਰਵਈਆ ਕੀ ਹੋਣਾ ਚਾਹੀਦਾ ਹੈ ਜਿਹੜੇ ਸਾਡੇ ਦੱਸੇ ਹੋਏ ਰਾਹ ਮੁਤਾਬਕ ਕੰਮ ਕਰ ਰਹੇ ਹਨ । ਅਸੀਂ ਤੁਹਾਨੂੰ ਰਵਾਇਤੀ ਪੂੰਜੀਵਾਦੀ ਹਿਦਾਇਤ ਦੀ ਉਪਖਿਆ ਕਰਨਾ ਤੇ ਹਕੂਮਤ ਅਤੇ ਗੁਲਾਮੀ ਦਾ ਮੂੰਹ ਕਾਲਾ ਕਰਨਾ ਸਿਖਾਵਾਂਗੇ । ਤੁਹਾਡੇ ਵਿੱਚੋਂ ਜ਼ਿਆਦਾ ਲੋਕ, ਜਿਨ੍ਹਾਂ ਨੂੰ ਰਸਮੀ ਸਿਖਿਆ ਦੇ ਤਰੀਕਿਆਂ ਨਾਲ ਚਕਰਾ ਦਿੱਤਾ ਗਿਆ ਹੈ, ਉਹ ਸਕੂਲ ਜਾਣ ਵਾਲੇ ਬੱਚੇ ਨੂੰ ਸਿਰਫ ਉਸੇ ਤਰ੍ਹਾਂ ਵੇਖਣਾ ਜਾਣਦੇ ਹਨ—ਜਿਹੜਾ ਸ਼ਾਮ ਨੂੰ ਇੱਕ ਨਿਰਜੀਵ ਕੰਮ ਤੋਂ

ਥੱਕਿਆ ਘਰ ਪਰਤਦਾ ਹੈ, ਤੇ ਜਿਸਨੂੰ ਤੁਸੀਂ ਸਮਝ ਨਹੀਂ ਸਕਦੇ। ਅਸੀਂ ਉਸਨੂੰ ਜੀਵਨ ਨਾਲ ਪਿਆਰ ਕਰਨਾ ਸਿਖਾਵਾਂਗੇ।

ਅਸੀਂ ਤੁਹਾਨੂੰ ਇਕ ਨਵੀਂ ਨਜ਼ਰ ਨਾਲ ਉਸ ਨਵੀਨ ਤੇ ਪ੍ਰਸੰਨ ਬੱਚੇ ਨੂੰ ਪਰਖਣਾ ਸਿਖਾਵਾਂਗੇ, ਜਿਹੜਾ ਜ਼ਿੰਦਗੀ ਨੂੰ ਇਸ ਨਿਸ਼ਕਪਟਤਾ ਤੇ ਹੋਸ਼ਿਆਰੀ ਨਾਲ ਹੱਥ 'ਚ ਲੈਂਦਾ ਹੈ, ਤੁਸੀਂ ਉਸਤੋਂ ਹਿਰਖ ਵਾਲੀ ਈਰਖਾ ਮਹਿ-ਸੂਸ ਕਰੋਗੇ, ਅਸੀਂ ਤੁਹਾਨੂੰ ਉਨ੍ਹਾਂ ਸਿਖਿਅਕਾਂ ਦੀ ਪੁਸ਼ਟੀ ਕਰਨ ਵਿੱਚ ਸਹਾਇਤਾ ਦੇਵਾਂਗੇ ਜਿਹੜੇ ਤੁਹਾਡੇ ਬੱਚਿਆਂ ਦਾ ਦਿਮਾਗ ਫਜ਼ੂਲ ਗੱਲਾਂ ਨਾਲ ਨਹੀਂ ਭਰਦੇ, ਪਰ ਉਹਨਾਂ ਵਿੱਚ ਜਾਣ ਪਾ ਦੇਂਦੇ ਹਨ ਤੇ ਖੁਸ਼ੀ ਤੇ ਉਮੀਦ ਦੀ ਪ੍ਰੇਰਨਾ ਦੇਂਦੇ ਹਨ। ਫਿਰ ਇਹ ਬੱਚੇ ਖਾਮੋਸ਼ੀ ਨਾਲ ਸਹਿਣਾ ਭੁੱਲ ਜਾਣਗੇ : ਇਕ ਨਾ ਦਬਾਈ ਜਾ ਸਕਣ ਵਾਲੀ ਕਿਰਿਆਂ ਦੀ ਲਗਨ ਵਿਚ ਉਛਲਦੇ ਗੋਲਿਆਂ ਵਾਂਗ ਜਿਹੜੇ ਜ਼ੰਜੀਰਾਂ ਤੇ ਬੰਧਨ ਤੋੜ ਦੇਂਦੇ ਹਨ; ਉਹ ਬੜੇ ਉਤਸ਼ਾਹ ਨਾਲ ਇਕ ਨਵੀਂ ਜ਼ਿੰਦਗੀ ਦਾ ਮੁਕਾਬਲਾ ਕਰਨਗੇ ਉਹਨਾਂ ਮੁਸ਼ਕਲਾਂ ਨੂੰ ਸੁੱਕੇ ਘਾਹ ਦੇ ਢੇਰਾਂ ਵਾਂਗ ਹਟਾ ਦੇਣਗੇ, ਜਿਨ੍ਹਾਂ ਨੂੰ ਸਾਡੀ ਕਮਜ਼ੋਰੀ ਨੇ ਆਪਣੇ ਆਦਰਸ਼ ਦੇ ਸਾਹਮਣੇ ਖੜੇ ਹੋਣ ਦਿੱਤਾ ਹੈ—ਉਹ ਆਦਰਸ਼ ਜਿਸਨੂੰ ਰਿਵਾਇਤ ਕਰੂਪ ਬਣਾ ਦੇਂਦੀ ਹੈ, ਤੇ ਜਿਸ ਦੀ ਯਕਤੀ ਨਿਖੇਧੀ ਕਰਦੀ ਹੈ, ਜਿਸਨੂੰ ਨੌਜਵਾਨ ਪਰਾਪਤ ਕਰ ਲੈਣਗੇ, ਜੇਕਰ ਅਸੀਂ ਥੋੜਾ ਜਿਹਾ ਵੀ ਉਨ੍ਹਾਂ ਨੂੰ ਇਸ ਵਲ ਲੈ ਜਾਈਏ। ਇਹ ਸਾਡੇ ਨਵੇਂ ਸਕੂਲ ਦਾ ਨਿਸ਼ਾਨਾ ਹੈ। ਅਸੀਂ ਇਸ ਸਕੂਲ ਲਈ ਤੁਹਾਨੂੰ ਤੇ ਤੁਹਾਡੇ ਬਚਿਆਂ ਨੂੰ ਸੱਦਾ ਦੇਂਦੇ ਹਾਂ।

ਅਸੀਂ ਹਾਂ, ਤੁਹਾਡੇ ਆਪਣੇ ਸਾਥੀ
ਜੋ ਅਧਿਆਪਕ ਵੀ ਹਾਂ ਤੇ ਸਾਥੀ ਵੀ ਹਾਂ।

o

---

ਪ੍ਰੋਲਤਾਰੀ ਵਿਦਿਯਾ ਨੂੰ ਸਮਰਪਿਤ

## ਪ੍ਰਾਰਥਨਾਵਾਂ ਬੰਦ ਕਰੋ

ਗਿਆਨ ਇੰਦਰਪਤੀ

o

ਬੰਦ ਕਰੋ ਇਹ ਪ੍ਰਾਰਥਨਾਵਾਂ
ਬੱਚਿਆਂ ਦੇ ਸਕੂਲਾਂ 'ਚ ਹੋਣ ਵਾਲੀਆਂ ਪ੍ਰਾਰਥਨਾਵਾਂ
ਬੱਚਿਆਂ ਦੀਆਂ ਕਿਤਾਬਾਂ 'ਚ ਛਪਣ ਵਾਲੀਆਂ ਪ੍ਰਾਰਥਨਾਵਾਂ
ਬੱਚਿਆਂ ਨੂੰ ਯਾਦ ਕਰਾਈਆਂ ਜਾਂਦੀਆਂ ਪ੍ਰਾਥਨਾਵਾਂ
ਬੰਦ ਕਰੋ

ਸਾਮੰਤਾਂ ਤੇ ਘੜੇ ਹੋਏ ਰੱਬ ਨੂੰ
ਪੂੰਜੀਪਤੀਆਂ ਦੇ ਪਾਲੇ ਹੋਏ ਰੱਬ ਨੂੰ
ਜ਼ਾਲਮਾਂ ਦੇ ਜ਼ੁਲਮਾਂ ਨੂੰ ਢਕਣ ਵਾਲੇ ਰੱਬ ਨੂੰ
ਹੁਣ ਜਦ ਜ਼ੁਲਮਾਂ ਦੇ ਖਿਲਾਫ਼ ਜੰਗ ਹੋਈ ਹੈ ਤੇਜ਼
ਇਸ ਹੱਲੇਗੱਲੇ 'ਚ ਦੌੜ ਰਹੇ ਰੱਬ ਨੂੰ
ਬੱਚਿਆਂ ਦੇ ਦਿਮਾਗ਼ 'ਚ ਪੈਰ ਨਾ ਟਿਕਾਣ ਦਿਉ

ਬੱਚਿਆਂ ਦਾ ਦਿਮਾਗ਼ ਹੈ ਸਾਡੀ ਧਰਤੀ ਦਾ
ਸਭ ਤੋਂ ਵਧ ਉਪਜਾਊ ਟੁਕੜਾ।
ਬੱਚਿਆਂ ਦਾ ਦਿਮਾਗ਼ ਹੈ ਸਾਡੀ ਧਰਤੀ ਦਾ ਭਵਿੱਖ।
ਬੱਚਿਆਂ ਦੇ ਦਿਮਾਗ਼ 'ਚ ਇਸ ਰੱਬ ਨੂੰ ਨਾ ਆਉਣ ਦਿਉ
ਉਸਨੂੰ ਨਾ ਦਿਉ ਲੁਕਣ ਦੀ ਜਗ੍ਹਾ ਬੱਚਿਆਂ ਦੇ ਦਿਮਾਗ਼ 'ਚ
ਉਨ੍ਹਾਂ ਦੀ ਬੁੱਧੀ ਤੇ ਗਿਆਨ ਉੱਤੇ
ਹਫਦੇ ਹੋਏ ਰੱਬ ਨੂੰ ਨਾ ਬੈਠਣ ਦਿਓ।
ਉਨ੍ਹਾਂ ਦੇ ਦਿਮਾਗ਼ ਦੇ ਪਿਛਲੇ ਹਿੱਸੇ 'ਚ
ਥੱਕੇ ਹੋਏ ਰੱਬ ਨੂੰ ਨਾ ਬੈਠਣ ਦਿਓ।

ਉਨ੍ਹਾਂ ਦੀਆਂ ਸੋਚਣ ਵਾਲੀਆਂ ਨਸਾਂ ਉੱਤੇ
ਕਾਈ ਵਾਂਗ ਨਾ ਫੈਲਣ ਦਿਉ—ਬੁਸੇ ਹੋਏ ਰੱਬ ਨੂੰ
ਉਨ੍ਹਾਂ ਦੇ ਦਿਮਾਗ਼ 'ਚ ਜਿਥੇ ਅੱਗ ਦਾ ਬੀਜ ਹੈ
ਉਥੇ ਨਾ ਰਖਣ ਦਿਉ ਚਲਾਕ ਰੱਬ ਨੂੰ
ਆਪਣਾ ਠੰਢਾ ਮੱਕਾਰ ਹੱਥ
ਜ਼ੁਲਮਾਂ ਤੇ ਸ਼ੋਸਣ ਨੂੰ ਢਕਣ,
ਤੇ ਉਨ੍ਹਾਂ ਦੀ ਉਮਰ ਵਧਾਉਣ ਲਈ
ਇਸ ਸੰਸਾਰ 'ਚ ਜਿਸ ਪਾਖੰਡੀ ਰੱਬ ਨੇ
ਜ਼ੁਲਮਾਂ ਦੇ ਵਿਚ ਲਿਆ ਸੀ ਜਨਮ
ਇਸ ਸੰਸਾਰ ਤੋਂ ਦੌੜ ਰਹੇ ਉਸ ਈਸ਼ਵਰ ਨੂੰ
ਬੱਚਿਆਂ ਦੇ ਦਿਮਾਗ਼ 'ਚ ਪੈਰ ਨਾ ਟਿਕਾਣ ਦਿਉ
ਬੱਚਿਆਂ ਦੇ ਦਿਮਾਗ਼ ਦੇ ਕਿਸੇ ਵੀ ਖੂੰਜੇ 'ਚ
ਉਸਦਾ ਪ੍ਰਵੇਸ਼ ਨਾ ਹੋਣ ਦਿਉ

ਇਹ ਪ੍ਰਾਥਨਾਵਾਂ ਬੰਦ ਕਰੋ
ਬੱਚਿਆਂ ਦੇ ਸਕੂਲਾਂ 'ਚ ਹੋਣ ਵਾਲੀਆਂ
ਪ੍ਰਾਰਥਨਾਵਾਂ ਬੰਦ ਕਰੋ
ਬੱਚਿਆਂ ਦੇ ਹੱਥ ਨਾ ਜੁੜਨ ਦਿਉ
ਬੱਚਿਆਂ ਦੇ ਹੱਥ ਜੋ ਉਠਣਗੇ
ਜ਼ਾਲਮਾਂ ਦੇ ਮਾਰਨ ਲਈ ਆਖਰੀ ਸੱਟ
ਜ਼ਾਲਮ ਜਿਨ੍ਹਾਂ ਦੇ ਅੱਗੇ ਅੱਗੇ
ਉਨ੍ਹਾਂ ਦੀ ਛਾਂ ਵਾਂਗ ਭਜਿਆ ਜਾਂਦਾ ਹੈ ਉਨ੍ਹਾਂ ਦਾ ਰੱਬ!

ਅਨੁਵਾਦ : ਹਰਚਰਨ ਬਸੀ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

# ਅਲਵਿਦਾ ! ਪ੍ਰੋ: ਦੀਦਾਰ ਸਿੰਘ

ਗੁਰਭਜਨ ਗਿੱਲ

ਪੰਜਾਬੀ ਜ਼ਬਾਨ ਦਾ ਕਹਿਰ-ਗੰਭੀਰ ਸ਼ਾਇਰ ਪ੍ਰੋ: ਦੀਦਾਰ ਸਿੰਘ ਸਾਡੇ ਦਰਮਿਆਨ ਨਹੀਂ ਰਿਹਾ। 'ਸ਼ਹੀਦ ਭਗਤ ਸਿੰਘ' ਦਾ ਕਿੱਸਾਕਾਰ, ਲੂਣਾ ਦੇ ਹੱਕ 'ਚ ਸ਼ਿਵ ਕੁਮਾਰ ਤੋਂ ਵੀ ਪਹਿਲਾਂ ਭੁਗਤਣ ਵਾਲਾ, ਸੁਮੇਲ ਮਹਾਂ ਪੰਡਿਤ ਚਾਰ ਵਾਕ ਵਰਗੇ ਕਾਵਿ-ਨਾਟ ਲਿਖਣ ਵਾਲਾ ਸ਼ਾਇਰ ਸਾਨੂੰ ਅਲਵਿਦਾ ਆਖ ਗਿਆ ਹੈ।

ਪ੍ਰੋ: ਦੀਦਾਰ ਸਿੰਘ ਦਾ ਜਨਮ 14 ਜਨਵਰੀ 1922 ਨੂੰ ਲੋਹੜੀ ਤੇ ਮਾਘੀ ਦੀ ਵਿਚਕਾਰਲੀ ਰਾਤੇ ਸ: ਸੰਤ ਸਿੰਘ ਅਰੂਪ ਦੇ ਘਰ ਚੱਕ ਨੰਬਰ 484 ਸਮੁੰਦਰੀ ਜ਼ਿਲਾ ਲਾਇਲਪੁਰ ਵਿਖੇ ਹੋਇਆ। ਜੱਦੀ ਪਿੰਡ ਗੁਜਰਾਂ ਵਾਲੇ ਤੋਂ ਢਾਈ ਕੁ ਮੀਲ ਹਟਵਾਂ ਅਰੂਪ ਸੀ। ਖਾਲਸਾ ਹਾਈ ਸਕੂਲ ਗੁਜਰਾਂ ਵਾਲਾ ਤੋਂ ਦਸਵੀਂ ਪਾਸ ਕਰਕੇ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂ ਵਾਲਾ ਵਿਚ ਦਾਖਲ ਹੋ ਕੇ ਬੀ. ਏ. ਕੀਤੀ। ਬਾਵਾ ਹਰਕਿਸ਼ਨ ਸਿੰਘ ਕੋਲੋਂ ਅੰਗਰੇਜ਼ੀ ਪੜ੍ਹਨ ਦਾ ਏਨਾ ਝੱਲ ਕਿ ਵਿਆਹ ਤੋਂ ਅਗਲੇ ਦਿਨ ਵੀ ਪੀਰਡ ਲਾਇਆ।

ਵਿਦਿਆਰਥੀ ਜੀਵਨ ਵਿਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਆਗੂ ਵਜੋਂ ਕੰਮ ਕੀਤਾ। ਫੈਡਰੇਸ਼ਨ ਦੇ ਕਲਕੱਤਾ ਸੈਸ਼ਨ ਵੇਲੇ ਸੱਤਪਾਲ ਡਾਂਗ, ਡਾ: ਗੁਲਜ਼ਾਰ ਸਿੰਘ ਛੀਨਾ, ਲਾਲਾ ਧਨੀ ਰਾਮ ਚਾਤ੍ਰਿਕ ਦੇ ਪੁਤਰ ਜਸਵੰਤ ਰਾਏ ਤੋਂ ਇਲਾਵਾ ਚੌਥਾ ਡੈਲੀਗੇਟ ਦੀਦਾਰ ਸਿੰਘ ਹੀ ਸੀ। ਐੱਮ. ਏ. 'ਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹਦਿਆਂ ਸਾਹਿਤ ਵੱਲ ਰੁਝਾਨ ਵਧਿਆ। ਕਿਰਪਾਲ ਸਿੰਘ ਨਾਰੰਗ, ਪ੍ਰੋ: ਨਿਰਭੈ ਸਿੰਘ, ਪ੍ਰੋ: ਕਿਰਵਾਨੀ ਤੇ ਪ੍ਰੋ: ਸਰਦੂਲ ਸਿੰਘ (ਜੋ ਉਨ੍ਹਾਂ ਦੇ ਜਮਾਤੀ ਸਨ ਤੇ ਮਗਰੋਂ ਜੀ. ਜੀ. ਐੱਨ ਖਾਲਸਾ ਕਾਲਜ ਦੇ ਪ੍ਰਿੰਸੀਪਲ ਲੁਧਿਆਣਾ ਵਿਖੇ ਰਹੇ। ਤੋਂ ਅਸਰ ਕਬੂਲ ਕੇ ਸਮਾਜਵਾਦ ਵੱਲ ਰੁਚਿਤ ਹੋਏ।

ਪ੍ਰੋ: ਦੀਦਾਰ ਸਿੰਘ ਨੇ ਪਹਿਲੀ ਲਿਖਤ ਦੂਸਰੀ ਸੰਸਾਰ ਜੰਗ ਬਾਰੇ 'ਨਵੇਂ ਬੱਚੇ ਦੀ ਉਡੀਕ' ਇਕਾਂਗੀ ਲਿਖਿਆ ਜਿਸਦੇ ਪਾਤਰ ਸਮਾਜ ਦੇ ਰੂਪ 'ਚ ਗਰਭਵਤੀ ਮਾਂ, ਹਮਦਰਦੀ ਕਰਦੀ ਸ਼ਾਂਤ ਮਾਈ, ਸਿਰ ਤੇ ਹਰੇ ਰੰਗ ਦਾ ਕੱਪੜਾ, ਸਫੈਦ ਕਮੀਜ਼ ਪਹਿਨੀ, ਸੰਤਰੀ ਰੰਗ ਦੀ ਸਲਵਾਰ ਵਾਲੀ ਐਨਕਧਾਰੀ ਬੁਢੀ ਦਾਦੀ ਗਾਂਧੀਵਾਦ ਦਾ ਪ੍ਰਤੀਕ ਸੀ—ਜੋ ਸੰਕਟ ਸਮੇਂ ਹੱਲ ਕੋਈ ਨਹੀਂ ਦੱਸ ਸਕਦੀ ਕੇਵਲ ਰੋਈ ਜਾਂਦੀ ਹੈ। ਸ਼ਤਾਬੋ ਦਾਈ ਮਿਡਲ ਕਲਾਸ ਸੀ ਜ਼ੋ ਫੌਰੀ ਹੱਲ ਭਾਲਦੀ ਹੈ। ਇਨਕਲਾਬੋ ਘਰੋਂ ਕੱਢੀ ਪਿਛਲੱਗ ਧੀ ਹੈ ਜੋ ਨਵੀਂ ਸੋਚ ਦੀ ਪ੍ਰਤੀਕ ਸੀ : ਇਸ ਨਾਟਕ 'ਚ ਸੰਸਾਰ ਸਿਆਸਤ ਦਾ ਚਰਚਾ ਕੀਤਾ ਗਿਆ ਸੀ। ਇਹ ਰਚਨਾ 'ਪ੍ਰੀਤ ਲੜੀ 'ਚ ਛਪਣ ਲਈ ਭੇਜੀ ਜੋ ਨਵਤੇਜ ਸਿੰਘ ਨੂੰ ਚੰਗੀ ਲੱਗੀ ਪਰ ਛਾਪਣ ਤੋਂ ਅਸਮਰਥਾ ਪ੍ਰਗਟ ਈ। ਉਸ ਦੀ ਪਹਿਲੀ ਕਵਿਤਾ ਪਾਕਿਸਤਾਨੀ ਵੀਰ ਨੂੰ "ਪ੍ਰੀਤ ਲੜੀ 'ਚ 1948 ਦੇ ਕਿਸੇ ਅੰਕ 'ਚ ਛਪੀ ਜਿਸ ਵਿਚ ਭਰਾਵਾਂ ਦੇ ਨਿਖੜਨ ਦਾ ਹੇਰਵਾ ਸੀ। 1947 ਦੇ ਫਸਾਦੀਆਂ ਦੇ ਖਿਲਾਫ਼ ਲੋਕਾਂ ਨੂੰ ਅਨੰਦਪੁਰ ਸਾਹਿਬ ਖੇਤਰ 'ਚ ਲਾਮਬੰਦ ਕੀਤਾ।

ਕੁਝ ਚਿਰ ਠੇਕੇਦਾਰੀ ਕਰਨ ਉਪਰੰਤ ਬੀ: ਐੱਡ ਕਰਕੇ ਸਰਹੰਦ ਖਾਲਸਾ ਸਕੂਲ ਦੇ ਹੈਡਮਾਸਟਰ ਬਣ ਗਏ ਜਿਥੇ ਰਹਿ ਕੇ ਪ੍ਰੋ: ਸੁਜਾਨ ਸਿੰਘ, ਡਾ: ਕੇਸਰ ਸਿੰਘ ਕੇਸਰ, ਮਹਿੰਦਰ ਰਾਮਪੁਰੀ ਤੇ ਹੋਰ ਲੇਖਕ ਲੋਕਾਂ ਨਾਲ ਸੰਪਰਕ ਹੋਇਆ। ਦੀਦਾਰ ਸਿੰਘ ਨੂੰ ਵਧੇਰੇ ਕਰ ਕੇ ਲੂਣਾ ਦਾ ਪ੍ਰਥਮ ਰਚਨਾਕਾਰ ਵਜੋਂ ਜਾਣਿਆ ਜਾਂਦਾ ਹੈ। ਲੂਣਾ ਦੀਦਾਰ ਸਿੰਘ ਨੇ 1952 'ਚ ਲਿਖੀ ਜੋ ਅਗਸਤ 1954 ਦੇ ਪੰਜ ਦਰਿਆ 'ਚ ਛਪੀ। ਕੁਝ ਲੋਕ ਸ਼ਿਵ ਦੀ ਲੂਣਾ ਨੂੰ ਏਸੇ ਲੂਣਾ ਦਾ ਵਿਸਥਾਰ ਆਖਦੇ ਹਨ। ਦੀਦਾਰ ਸਿੰਘ ਦੀ ਲੂਣਾ ਬੋਲਦੀ ਹੈ।

ਅਸੀਂ ਬੰਦੇ ਬੜੇ ਅਜ਼ਾਦ ਵੇ
ਮਹਿਲਾਂ ਨੂੰ ਸਮਝੀਏ ਵਲਗਣਾਂ।
ਜ਼ਰੀਆਂ ਨੂੰ ਲੀਰਾਂ ਜਾਣੀਏਂ
ਤੇ ਉੱਚੀਆਂ ਰੱਖੀਏ ਗਰਦਨਾਂ
ਕੀ ਹੋਇਆ ਰਾਜਕੁਮਾਰ ਵੇ
ਜੇ ਤੂੰ ਮਹਿਲਾਂ ਦੀ ਸ਼ਾਨ ਵੇ
ਤੈਨੂੰ ਵੇਖ ਕੇ ਮਾਪੇ ਜੀਉਂਦੇ
ਪਰ ਮੇਰੀ ਤਾਂ ਤੂੰ ਜਾਨ ਵੇ
ਮੇਰੇ ਸੁਹਣੇ ਰਾਜਕੁਮਾਰ ਜੀ,
ਮੈਂ ਤੈਥੋਂ ਇੱਜ਼ਤਾਂ ਵਾਰਦੀ,
ਮੈਂ ਹਾਨਣ ਤੇਰੀ ਪੂਰਨਾ
ਦੇ ਭਿਛਿਆ ਮੈਨੂੰ ਪਿਆਰ ਦੀ।

ਇਕ ਹੋਰ ਮਹੱਤਵਪੂਰਨ ਰਚਨਾ ਕਿੱਸਾ ਸ਼ਹੀਦ ਭਗਤ ਸਿੰਘ ਵੀ ਉਸਨੇ ਬੜੀ ਖੋਜ ਤੇ ਤੱਥ ਇਕੱਤਰ ਕਰ ਕੇ ਲਿਖਿਆ।

ਅੱਜ ਦਾ ਸ਼ਾਇਰ ਜਿਸ ਸਾਹਿਤ ਰੂਪ ਨੂੰ ਅੱਖੋਂ ਓਹਲੇ ਕਰੀ ਬੈਠਾ ਹੈ ਉਸ ਸਾਹਿਤ-ਰੂਪ ਨੂੰ ਉਸ ਨੇ ਬੜੇ ਸੁਚੱਜੇ ਢੰਗ ਨਾਲ ਵਰਤਿਆ ਹੈ। ਲੋਕ-ਰੰਗ ਕਾਇਮ ਰੱਖਿਆ ਹੈ। ਕਿੱਸੇ ਦਾ ਵਿਸਤ੍ਰਿਤ ਰੂਪ ਸ਼ਹੀਦ ਭਗਤ ਸਿੰਘ ਖੋਜ ਕੇਂਦਰ ਲੁਧਿਆਣਾ ਵਾਲੇ ਪ੍ਰਕਾਸ਼ਤ ਕਰ ਰਹੇ ਹਨ। ਪਹਿਲਾ ਐਡੀਸ਼ਨ 1968 'ਚ ਛਪਿਆ ਸੀ ਜਿਸ ਦੇ ਕੁਝ ਹਿੱਸੇ ਛਪਣੋਂ ਰਹਿ ਗਏ ਸਨ।

ਦੀਦਾਰ ਸਿੰਘ ਨੇ ਘਾਇਲ ਸਧਰਾਂ ਕਾਵਿ ਸੰਗ੍ਰਹਿ ਵਿਚ ਲੂਣਾ, ਰਸ਼ਮਾਂ, ਸੁੰਦਰਾਂ, ਕਮਲੀ ਫੌਜਣ ਤੇ ਓਸੇ ਰਾਹ ਤੇ ਚੱਲਦਿਆਂ ਵਿਚ ਔਰਤ ਦਾ ਪੱਖ ਪੂਰਿਆ ਹੈ। 'ਈਦਾਂ ਵਿੱਸ ਭਰੀਆਂ' ਕਾਵਿ ਸੰਗ੍ਰਹਿ ਦਾ ਮੁਖ ਸੁਰ ਜੰਗ ਵਿਰੋਧੀ ਹੈ। ਮਹਾਂ ਪੰਡਿਤ ਚਾਰਵਾਕ ਪਹਿਲਾ ਪਦਾਰਥ-ਵਾਦੀ ਸੋਚ 'ਚ ਧਾਰਨੀ ਚਿੰਤਕ ਸੀ ਜਿਸ ਬਾਰੇ ਉਹਨੇ ਕਾਵਿ-ਨਾਟ ਲਿਖਿਆ 'ਸੁਮੇਲ' ਕਾਵਿ-ਨਾਟ ਤਾਂ ਤਾਰਤੁਪਕਾ ਤੋਂ ਪਹਿਲਾਂ ਦੀ ਰਚਨਾ ਹੈ। ਸੁਮੇਲ ਨੂੰ ਰਾਜੇਸ਼ਵਰੀ ਕਲਾ-ਸੰਗਮ ਜਲੰਧਰ ਨੇ ਦਸ-ਬਾਰਾਂ ਵਾਰ ਜਲੰਧਰ ਤੇ ਪਟਿਆਲੇ 'ਚ ਸਟੇਜ ਕੀਤਾ ਸੀ।

ਦੀਦਾਰ ਸਿੰਘ ਨੂੰ ਬਾਵਾ ਬਲਵੰਤ ਦੀ ਸ਼ਾਇਰੀ ਸਭ ਨਾਲੋਂ ਜ਼ਿਆਦਾ ਪਸੰਦ ਸੀ। ਓਹੀ ਲਹਿਰ—ਗੰਭੀਰਤਾ ਦੀਦਾਰ ਸਿੰਘ ਦੀ ਕਵਿਤਾ 'ਚ ਥਾਂ-ਪਰ-ਥਾਂ ਮਿਲਦੀ ਹੈ।

ਉਹ ਕੁਝ ਕਿਤਾਬਾਂ ਅਣਛਪੀਆਂ ਛੱਡ ਗਿਆ ਹੈ। 'ਅਗਨੀ ਫੁੱਲਾਂ ਦੀ ਮਹਾਰਾਣੀ (ਕਾਵਿ ਨਾਵਲ) ਸੁੱਚੀ ਬਾਈ ਦੀ ਸੁੱਚੀ ਕਹਾਣੀ ਬਰਟੋਲਟ ਬਰੈਸ਼ਟ ਦੇ ਨਾਟਕ ਤੇ ਅਧਾਰਤ ਹੈ, ਧਰਮਪੁਰੇ ਦਾ ਚੌਂਕੀਦਾਰ ਤੇ ਇਸ਼ਕੋਂ ਰਤਾ ਅਗਾਂਹ ਦੀ ਗੱਲ (ਗੀਤ ਗ਼ਜ਼ਲ ਸੰਗ੍ਰਹਿ) ਕਾਵਿ ਸੰਗ੍ਰਹਿ ਪ੍ਰਕਾਸ਼ਕ ਦੀ ਉਡੀਕ 'ਚ ਹਨ। ਪੰਜਾਬ ਦਾ ਭਾਸ਼ਾ ਵਿਭਾਗ ਜਾਂ ਹਰਿਆਣਾ ਗਰੰਥ ਅਕਾਡਮੀ ਇਸ ਵਡਮੁੱਲੇ ਸ਼ਾਇਰ ਦੀ ਵੱਡਮੁੱਲਾ ਰਚਨਾ ਨੂੰ ਸਾਂਭ ਸੰਭਾਲ ਸਕਦੇ ਹਨ। ਕੇਂਦਰੀ ਪੰਜਾਬੀ ਲੇਖਕ ਤੇ ਹੋਰ ਸਾਹਿਤ-ਸਭਾਵਾਂ ਇਸ ਅਜ਼ੀਮ ਸ਼ਾਇਰ ਬਾਰੇ ਗੋਸ਼ਟੀਆਂ ਕਰਨ ਤਾਂ ਚੰਗੀ ਗੱਲ ਹੋਵੇਗੀ।

---

ਪ੍ਰੋ: ਦੀਦਾਰ ਸਿੰਘ ਹੋਰਾਂ ਦਾ ਸ਼ਹੀਦ ਭਗਤ ਸਿੰਘ ਬਾਰੇ ਕਿੱਸਾ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਾਪਿਆ ਜਾ ਰਿਹਾ ਹੈ—ਇਸ ਕਿੱਸੇ ਦੀ ਬੰਦਨਾ ਇਥੇ ਪਾਠਕਾਂ ਵਾਸਤੇ ਵਿਛੜੇ ਹੋਏ ਸ਼ਾਇਰ ਨੂੰ ਸ਼ਰਧਾਂਜਲੀ ਵਜੋਂ ਦੇ ਰਹੇ ਹਾਂ।—ਸੰਪਾਦਕ

---

## ਬੰਦਨਾ

1.

ਛੁਹੰਦੇ ਆਏ ਕਵੀਸ਼ਰ ਕਿੱਸੇ ਲੈ ਲੈ ਰੱਬ ਦਾ ਨਾਂ
ਕਿਸੇ ਧਿਆਏ ਰਾਮ ਤੇ ਲਛਮਣ, ਕਿਸੇ ਨੇ ਸੀਤਾ ਮਾਵਾਂ।
ਕਿਸੇ ਧਿਆਏ ਕ੍ਰਿਸ਼ਨ ਮੁਰਾਰੀ, ਕਿਸੇ ਸੇਵੀਆਂ ਗਾਵਾਂ।
ਕਿਸੇ ਧਿਆਏ ਦੇਵ ਦੇਵੀਆਂ, ਕਿਸੇ ਨੇ ਪੱਕੀਆਂ ਥਾਵ।
ਬਹੁਤੇ ਧਿਆ ਧਿਆ ਮੁਰਸ਼ਦ ਆਪਣੇ ਸ਼ੁਰੂ ਕਰਨ ਰਚਨਾਵਾਂ।
ਜਾਂ ਫਿਰ ਧਿਆ ਕੇ ਕਵਿਤਾ ਰਾਣੀ ਰਚਦੇ ਨੇ ਕਵਿਤਾਵਾਂ।
ਹੁਣ ਤਕ ਆਏ ਮਿਲਾਂਦੇ ਸ਼ਾਇਰ ਏਸੇ ਹਾਂ ਵਿੱਚ ਹਾਂ।
ਪਰ ਮੈਂ ਕੀਕਰ ਦੱਸ ਸ਼ਹੀਦਾ! ਹਾਂ ਵਿੱਚ ਹਾਂ ਮਿਲਾਂ?
ਤੇਰੇ ਨਾਲੋਂ ਹੋਰ ਪਵਿੱਤਰ ਦਿਸਦਾ ਨਾ ਕੋਈ ਨਾਂ।
ਸਦ ਕੁਰਬਾਨੇ ਕੀ, ਮੈਂ ਤੈਥੋਂ ਲੱਖ ਕੁਰਬਾਨੇ ਜਾਂ।
ਨਾਂ ਕੋਈ ਅੱਲਾ ਸੇਵਾਂ ਸੂਰਿਆ, ਨਾ ਕੋਈ ਰੱਬ ਧਿਆਂ।
ਤੇਰੀ ਵਾਰਤਾ ਛੋਹਾਂ ਸ਼ਹੀਦਾ, ਲੈ ਲੈ ਤੇਰਾ ਹੀ ਨਾਂ।
ਇਨਕਲਾਬ ਨੂੰ ਧਿਆਏ ਕੇ ਮੈਂ ਕਿੱਸਾ ਸ਼ੁਰੂ ਕਰਾਂ।
ਇਨਕਲਾਬ ਹੁੰਦਾ ਰਹੇ ਮੈਂ ਚਾਹੇ ਮਰ ਜਾਂ।

2.

ਕੀਤੇ ਕਈਆਂ ਕਵੀਆਂ ਕਿੱਸੇ ਦਰਦਾਂ ਪ੍ਰੀਤਾਂ ਵਾਲੇ।
ਵੰਝਲੀਆਂ ਰਾਂਝੇ ਤੇ ਹੀਰਾਂ, ਰਾਮਾਂ ਸੀਤਾਂ ਵਾਲੇ।
ਪੀਰਾਂ, ਭਗਤਾਂ, ਗੁਰੂਆਂ, ਵਲੀਆਂ, ਧਰਮ, ਸ਼ਰੀਤਾਂ ਵਾਲੇ।
ਇਸ਼ਕ ਹਕੀਕੀ, ਰੱਬੀ ਪ੍ਰੀਤਾਂ, ਪੁੰਨ ਪੁਨੀਤਾ ਵਾਲੇ।
ਜਤੀਆਂ, ਸਤੀਆਂ, ਹਠੀਆਂ, ਤਪੀਆਂ ਦੀ ਪ੍ਰਤੀਤਾਂ ਵਾਲੇ।
ਯੂਸਫ਼ ਅਤੇ ਜ਼ੁਲੇਖਾਂ ਵਾਲੇ, ਹਾਰਾਂ ਜੀਤਾਂ ਵਾਲੇ।
ਬਾਦਸ਼ਾਹਾਂ ਦੇ ਜ਼ੁਲਮ ਲੁਕਾਂਦੇ ਸ਼ਾਹੀ ਗੀਤਾਂ ਵਾਲੇ।
ਲੁੱਟਾਂ ਉੱਤੇ ਪਾਂਦੇ ਪਰਦਾ 'ਸ਼ੇਰ ਖ਼ਰੀਤਾਂ ਵਾਲੇ'।
ਲੀਡਰ ਅਤੇ ਲੁਟੇਰੇ ਰਲ ਕੇ ਕਾਲੀਆ ਨੀਤਾਂ ਵਾਲੇ।
ਭੁੱਲ-ਚੁੱਕ ਕਰਦੇ ਮਾਫ਼ ਲੁੱਟ ਦੀ ਕੌਮੀ ਪ੍ਰੀਤਾਂ ਵਾਲੇ।
ਪਤਿਤ-ਉਦਾਰੂ ਬਣਦੇ ਖਚਰੇ ਰਹਿਤ ਸ਼ਰੀਤਾਂ ਵਾਲੇ।
ਛੱਡ ਦਿੱਤੇ ਮੈਂ ਗੀਤ ਇਨ੍ਹਾਂ ਦੇ, ਇਹ ਬਦਨੀਤਾਂ ਵਾਲੇ।
ਗੁਣ ਗਾਵਾਂ ਗਾ ਤੇਰੇ ਸ਼ਹੀਦਾ, ਕੌਮੀ ਪ੍ਰੀਤਾਂ ਵਾਲੇ।
ਬੰਦ ਜੋ ਕਰਦੇ ਸਾਫ਼ ਲੁੱਟ ਦਾ, ਜੰਤਕ ਗੀਤਾਂ ਵਾਲੇ।

3.

ਸ਼ਾਇਰ ਸ਼ੇਅਰ ਹੁਨਰ ਪੈ ਵੇਚਣ, ਲੈਂਦੇ ਗਿਣ ਗਿਣ ਦੰਮ।
ਬਾਦਸ਼ਾਹਾਂ ਦੀ ਲੁੱਟ ਲਪੇਟਣ, ਮਿੱਠੇ ਮਹੁਰੇ ਸੰਮ।
ਬੜੇ ਬੜੇ ਸੁੰਦਰ ਦਿਲ ਵਿਕਦੇ, ਕਰਦੇ ਜੋ ਝੰਮ ਝੰਮ।
ਏਥੇ ਕਈ ਕਵੀ ਦਿਲ ਕੁੜਕਣ, ਖਾ ਜਾਂਦੇ ਨੇ ਖੰਮ।
ਤੇਰੀ ਸੁੱਚ ਸਚਿਆਈ ਬਖ਼ਸ਼ੇ, ਮੈਨੂੰ ਨਵੇਂ ਠਰੰਮ।
ਗੌਂ ਗੌਂ ਤੇਰੀ ਵਾਰ ਸ਼ਹੀਦਾਂ ਬਣ ਜਾਂ ਤੇਰੇ ਸੰਮ।
ਤੇਰੇ ਵਾਂਗਰ ਸਾਮਰਾਜ ਦਾ ਬਣ ਜਾਵਾਂ ਸੈਂ ਜੰਮ।
ਤੂੰ ਹੈਂ ਮੇਰੇ ਤਨ ਦੀ ਤਾਕਤ ਦਿਲ ਮੇਰੇ ਦਾ ਥੰਮ।
ਤੇਰੀ ਖ਼ਾਤਰ ਜਾਨ ਵੀ ਮੇਰੀ ਆ ਜੇ ਭਾਵੇਂ ਕੰਮ।
ਵੀਰ, ਤੇਰੀ ਕੁਰਬਾਨੀ ਉੱਤੇ ਚੱਲੇ ਮੇਰੀ ਕਲਮ।
ਸਾਮਰਾਜ ਨੂੰ ਆਖ ਸੁਣਾਉਣਾ, ਗਾਉਣਾ ਨਹੀਂ ਅੰਗਮ
ਲੁੱਟ ਅਤੇ ਕਾਨੂੰਨ ਦੀ ਕਾਣੋਂ ਕੱਢ ਦੇਣੀ ਇਕ ਦੰਮ।
ਕਵੀਆਂ ਉਹਨਾਂ ਸ਼ੇਅਰ ਕੀ ਕਹਿਣੇ ਜੋ ਸੁਖ ਰਹਿਣੇ ਚੰਮ।
ਸਾਹਿਤ-ਰਚਨਾਂ ਸੂਰਮਤਾਈ ਸੂਰਮਿਆਂ ਦਾ ਕੰਮ।

o

## ਪਾਠਕ ਲੇਖਕ ਫੋਰਮ

### 1. ਜਾਤ ਪਾਤ : ਬ੍ਰਾਹਮਣਵਾਦ ਅਤੇ ਗਾਂਧੀਵਾਦ

ਇਸ ਲੇਖ ਨੂੰ ਮੈਂ ਗਾਂਧੀ ਦੇ ਆਪਣੇ ਸ਼ਬਦਾਂ ਨਾਲ ਸ਼ੁਰੂ ਕਰਦਾ ਹਾਂ : ਉਸ ਨੇ ਲਿਖਿਆ ਹੈ;

'ਜੇਕਰ ਛੂਆ ਛਾਤ ਬਣੀ ਰਹੀ ਤਾਂ ਹਿੰਦੂ ਮਿਟ ਜਾਣਗੇ...ਮੈਂ ਜਾਣਦਾ ਹਾਂ ਕਿ (ਜਾਤੀ ਭੇਦ ਅਤੇ ਛੂਆ ਛਾਤ) ਦੋਹੇਂ ਅਧਿਆਤਮਕ ਅਤੇ ਰਾਸ਼ਟਰੀ ਤਰੱਕੀ ਲਈ ਨੁਕਸਾਨਦੇਹ ਹਨ।'

'ਛੂਆ ਛਾਤ ਪ੍ਰਮਾਤਮਾ ਅਤੇ ਮਨੁੱਖਤਾ ਦੇ ਵਿਰੁਧ ਇਕ ਅਪਰਾਧ ਹੈ।'

'ਮਹਾਤਮਾ' ਗਾਂਧੀ ਦੀਆਂ ਉੱਪਰ ਦਿਤੀਆਂ ਸਤਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਗਾਂਧੀ ਜੀ ਸੱਚਮੁੱਚ ਹੀ ਬ੍ਰਾਹਮਣਾਂ ਵਲੋਂ ਚਲਾਈ ਗਈ ਜਾਂ ਵੇਦਾਂ, ਸਿਮਰਤੀਆਂ ਸ਼ਾਸਤਰਾਂ, ਗੀਤਾ ਰਮਾਇਣ ਆਦਿ ਧਾਰਮਕ ਗ੍ਰੰਥਾਂ ਰਾਹੀਂ ਪ੍ਰਵਾਨ ਚੜ੍ਹਾਈ ਗਈ ਛੂਆ ਛਾਤ ਦੀ ਪਲੇਗ ਵਰਗੀ ਬੀਮਾਰੀ ਦੇ ਤਨੋਂ ਮਨੋਂ ਪੁੱਜ ਕੇ ਵਿਰੋਧੀ ਸਨ। ਅਤੇ ਇਸ ਨੂੰ ਜੜੋਂ ਪੁੱਟ ਦੇਣ ਵਿਚ ਵਿਸ਼ਵਾਸ਼ ਕਰਦੇ ਸਨ। ਇਸੇ ਕਰਕੇ ਉਸ ਨੇ ਚੂੜ੍ਹੇ, ਚਮਿਆਰਾਂ, ਭੰਗੀਆਂ, ਨਾਈਆਂ, ਝਿਊਰਾਂ, ਮੋਚੀਆਂ, ਜੁਲਾਹਿਆਂ ਨੂੰ 'ਹਰੀਜਨ' ਦਾ ਨਾਂ ਦੇ ਕੇ ਰੱਬ ਦੇ ਸਿਰ ਵੀ ਅਸਾਨ ਕੀਤਾ ਅਤੇ ਮਨੁੱਖਤਾ ਦੇ ਸਿਰ ਵੀ।

ਪਰ ਮੈਂ ਅਗਲੀਆਂ ਸਤਰਾਂ ਲਿਖਣ ਤੋਂ ਪਹਿਲਾਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਗਾਂਧੀ ਨਾ ਕੋਈ ਮਹਾਂ ਪੁਰਸ਼ ਸੀ ਤੇ ਨਾ ਕੋਈ ਮਹਾਤਮਾ ਅਤੇ ਨਾ ਹੀ ਸਦੀਆਂ ਤੋਂ ਅਤਿ ਪੀੜਤ ਮਨੁੱਖਤਾ ਦਾ ਹਮਦਰਦ। ਉਹ ਇਕ ਚਲਾਕ ਅਤੇ ਮੱਕਾਰ ਬ੍ਰਾਹਮਣ ਸੀ ਜੋ ਜ਼ਿੰਦਗੀ ਭਰ ਸਿੱਧਾ ਅਸਿੱਧਾ ਪੂੰਜੀਵਾਦ, ਬਸਤੀਵਾਦ, ਬ੍ਰਾਹਮਣਵਾਦ ਦੀ ਸੇਵਾ ਕਰਦਾ ਰਿਹਾ ਅਤੇ ਉਹਦੇ ਆਪਣੇ ਚਹੇਤੇ ਧਰਮ ਕਰਮ ਬ੍ਰਾਹਮਣਵਾਦ ਦੇ ਹੱਥੀਂ ਦੇਸ਼ ਦੀ ਹਕੂਮਤ ਸੰਭਾਲ ਦੇਣ ਵਿਚ ਸਫਲ ਹੋਇਆ।

ਤੁਹਾਨੂੰ ਮੇਰੀ ਇਹ ਗੱਲ ਬੁਰੀ ਲੱਗੇਗੀ। ਮੇਰੇ ਦੋਸਤੋ ਵੇਖਣ ਨੂੰ ਇੰਜ ਹੀ ਲਗਦਾ ਹੈ। ਕਿਉਂਕਿ ਅੱਜ ਤੀਕ ਸਾਡੇ ਬੁਰਜਵਾ, ਜਗੀਰੂ ਅਤੇ ਸਰਮਾਏਦਾਰ ਰਾਜਨੀਤਕ ਢਾਂਚੇ ਨੇ ਗਾਂਧੀ ਨੂੰ 'ਰਾਸ਼ਟਰ ਪਿਤਾ' ਦੇ ਰੂਪ ਵਿਚ ਹੀ ਪਰਚਾਰਿਆ ਹੈ। ਅਤੇ ਆਮ ਜਨਤਾ ਨੂੰ ਹਮੇਸ਼ਾਂ ਵਾਂਗ ਹਨੇਰੇ ਦੀਆਂ ਡੂੰਘੀਆਂ ਖੱਡਾਂ ਵਿਚ ਸੁੱਟੀ ਰਖਿਆ ਹੈ। ਕਿਉਂਕਿ ਇਹ ਗਾਂਧੀ ਹੀ ਸੀ ਜਿਸ ਨੇ ਅੰਗਰੇਜ਼ੀ ਸਾਮਰਾਜੀ ਹਕੂਮਤ ਕੋਲੋਂ ਬੁਰਜੂਆਂ ਅਜ਼ਾਦੀ ਲੈ ਕੇ ਬਿਰਲਿਆਂ ਟਾਟਿਆਂ ਦੇ ਹੱਥ ਦਿਤੀ। ਅਤੇ ਬ੍ਰਾਹਮਣਾਂ ਨੂੰ ਹਕੂਮਤ ਦੀ ਵਾਗ ਡੋਰ ਸੰਭਾਲੀ ਹੈ। ਉਸ ਨੇ ਬ੍ਰਾਹਮਣਵਾਦ ਨੂੰ ਥਾਂ ਥਾਂ ਜਾਨ ਦੀ ਬਾਜ਼ੀ ਲਾ ਕੇ ਬਚਾਇਆ। ਜਾਤੀ ਭੇਦ ਭਾਵ ਵਿਰੁਧ, ਛੂਆ ਛਾਤ ਵਿਰੁਧ ਬੜੀ ਚੁਸਤੀ ਨਾਲ ਮੱਕਾਰੀ ਭਰੇ ਬਿਆਨ ਦਾਗ ਕੇ ਉਹ ਇਸ ਨੂੰ ਬਰਕਰਾਰ ਰੱਖਣ ਵਿਚ ਸਫ਼ਲ ਰਿਹਾ !

ਇਹੋ ਜਿਹੇ 'ਮਹਾਤਮਾ' ਦੀ ਬਦੌਲਤ ਅੱਜ ਨਾ ਹਿੰਦੂ ਧਰਮ ਮਰਿਆ ਹੈ, ਨਾ ਹਿੰਦੂ ਵਾਦ ਤੇ ਨਾ ਛੂਆ ਛਾਤ ਤੇ ਜਾਤ ਪਾਤੀ ਕਲਚਰ। ਇਹ ਤਾਂ ਸਗੋਂ ਹੋਰ ਵੀ ਪੀਢਾ ਹੋਇਆ ਹੈ। ਇਸ ਦੇਸ਼ ਦੀ ਵਾਗਡੋਰ ਅਜ਼ਾਦੀ ਤੋਂ ਪਿਛੋਂ ਲਗਾਤਾਰ ਸਹੀ ਅਰਥਾਂ ਵਿਚ ਬ੍ਰਾਹਮਣਾਂ ਜੱਟਾਂ ਦੇ ਹੱਥ ਵਿਚ ਹੀ ਰਹੀ ਹੈ। ਜੇ ਕੋਈ ਸ਼ੂਦਰ ਰਾਜਨੀਤੀ ਦੇ ਅਖਾੜੇ ਵਿਚ ਉਪਰ ਉਠ ਕੇ ਕਿਸੇ ਉਚੇ ਅਹੁਦੇ ਤੇ ਪਹੁੰਚਿਆ ਵੀ ਹੈ ਉਹ ਨਿਪੁੰਸਕ ਹੋ ਕੇ ਰਹਿ ਗਿਆ ਹੈ। ਤੇ ਉਸ ਨੇ ਹਰ ਹਾਲਤ ਵਿਚ ਬ੍ਰਾਹਮਣਵਾਦ ਦਾ ਪੱਖ ਪੂਰਿਆ ਹੈ।

ਅਜ਼ਾਦੀ ਤੋਂ ਪਹਿਲਾਂ ਹੀ ਸਰ ਵਿੰਸਟਨ ਚਰਚਲ ਨੇ ਲਿਖਿਆ ਸੀ, 'ਗਾਂਧੀ ਬਰਤਾਨੀਆਂ ਦੇ ਸਾਮਰਾਜ ਦੀ ਥਾਂ ਬ੍ਰਾਹਮਣੀ ਰਾਜ ਕਾਇਮ ਕਰਨਾ ਚਾਹੁੰਦਾ ਹੈ। ਲੁੱਟ ਖਸੁੱਟ, ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਹਰ ਹਾਲਤ ਵਿਚ ਬ੍ਰਾਹਮਣੀ ਰਾਜ ਦੇ ਖਾਸ ਹਥਿਆਰ ਹੋਣਗੇ। ਹਿੰਦੁਸਤਾਨ ਦੇ ਰਾਜ ਨੂੰ ਬ੍ਰਾਹਮਣਾਂ ਦੇ ਹੱਥ ਦੇਣਾ ਇਕ ਬਹੁਤ ਵੱਡਾ ਜ਼ੁਲਮ ਹੋਵੇਗਾ ।.. ਇਹ ਉਹੀ ਬ੍ਰਾਹਮਣ ਹਨ ਜੋ ਆਪਣੇ ਹੀ ਛੇ ਕਰੋੜ ਦੇਸ਼ ਵਾਸੀਆਂ ਨੂੰ ਇਨਸਾਨੀ ਹੱਕ ਦੇਣ ਲਈ ਤਿਆਰ ਨਹੀਂ ਹਨ। ਸਰਕਾਰ ਦੀ ਵਾਗ ਡੋਰ ਸਵਰਨ ਹਿੰਦੂਆਂ ਦੇ ਹੱਥ ਦੇਣਾ ਕਰੋੜਾਂ ਭੁੱਖੇ ਨੰਗੇ ਲੋਕਾਂ ਨੂੰ ਦੁਸ਼ਟਾਂ ਅਤੇ ਕਪਟੀਆਂ ਦੇ ਹਵਾਲੇ ਕਰਨਾ ਹੈ।'

ਮੇਰਾ ਏਥੇ ਅੱਜ ਦੇ ਅਖੌਤੀ ਬੁੱਧੀਜੀਵੀਆਂ ਅਤੇ ਸਮਾਜਵਾਦੀਆਂ ਨੂੰ ਇਹ ਪ੍ਰਸ਼ਨ ਹੈ ਕਿ ਕੀ ਭਾਰਤ ਵਿਚ ਚਰਚਲ ਦੇ ਵਿਚਾਰਾਂ ਵਾਲਾ ਰਾਜ ਜਿਉਂ ਦੀ ਤਿਉਂ ਲਾਗੂ ਨਹੀਂ ?

ਅੱਗੇ ਚਲ ਕੇ ਗਾਂਧੀ ਲਿਖਦਾ ਹੈ, 'ਜਾਤੀ ਭੇਦ ਨਾਲ ਧਰਮਾਂ ਦਾ ਕੋਈ ਸਬੰਧ ਨਹੀਂ।...ਭਾਵ ਇਸ ਦਾ ਹਿੰਦੂ ਧਰਮਸਾਲ ਜਾਂ ਇੰਜ ਕਹਿ ਲਓ ਕਿ ਹਿੰਦੂਆਂ ਦੇ ਧਾਰਮਕ ਗ੍ਰੰਥਾਂ, ਜਿਨ੍ਹਾਂ ਤੋਂ ਉਹ ਆਪਣੀ ਜ਼ਿੰਦਗੀ ਦੀ ਸੇਧ ਲੈਂਦੇ ਹਨ, ਨਾਲ ਕੋਈ ਸਬੰਧ ਨਹੀਂ। ਏਥੇ ਮੈਂ ਅਜਿਹੀਆਂ ਉਦਾਹਰਣਾਂ ਪੇਸ਼ ਕਰਦਾ ਹਾਂ ਜੋ ਸਾਬਤ ਕਰਦੀਆਂ ਹਨ ਕਿ ਹਿੰਦੂ ਧਰਮ ਹੀ ਜਾਤ ਪਾਤੀ ਢਾਂਚਾ ਹੈ ਅਤੇ ਛੂਆ ਛਾਤ ਦਾਂ ਅਡੰਬਰ ਹੈ ਤੇ ਜਿਸ ਦੇ

ਅਸੂਲਾਂ ਨੇ ਲੋਕਾਂ ਨੂੰ ਮਹਾਂ ਮੂਰਖ ਤੇ ਅਤਿ ਗੁਲਾਮ ਬਣਾਈ ਰਖਣ ਵਿਚ ਜ਼ਾਬਰ ਹਕੂਮਤਾਂ ਤੋਂ ਵਧ ਰੋਲ ਨਿਭਾਇਆ ਹੈ।

ਇਹਨਾਂ ਧਰਮ ਸ਼ਾਸਤਰਾਂ ਦੇ ਨਮੂਨੇ ਵੇਖੋ :—

1. ਰਿੱਗ ਵੇਦ ਵਿਚ ਲਿਖਿਆ ਹੈ ਕਿ ਸ੍ਰਿਸ਼ਟੀ ਦੇ ਰਚਨਹਾਰੇ ਬ੍ਰਹਮਾਂ ਨੇ ਬ੍ਰਾਹਮਣ ਨੂੰ ਮੂੰਹ ਤੋਂ, ਖੱਤਰੀ ਨੂੰ ਬਾਹਾਂ ਤੋਂ, ਵੈਸ਼ਾਂ ਨੂੰ ਲੱਤਾਂ ਤੋਂ ਅਤੇ ਸ਼ੂਦਰਾਂ ਨੂੰ ਪੈਰਾਂ ਤੋਂ ਪੈਦਾ ਕੀਤਾ ਹੈ—ਪ੍ਰੌੜ੍ਹਤਾ ਲਈ ਇਹ ਵੀ ਕਿਹਾ ਗਿਆ ਹੈ ਸਾਰਾ ਸੰਸਾਰ ਦੇਵਤਿਆਂ ਦੇ ਅਧੀਨ ਹੈ, ਦੇਵਤੇ ਮੰਤਰਾਂ ਦੇ ਅਧੀਨ ਹਨ, ਮੰਤਰ ਬ੍ਰਹਣਾਂ ਦੇ ਅਧੀਨ ਹਨ; ਬ੍ਰਾਹਮਣਾਂ ਨੂੰ ਪੂਜੋ ਅਤੇ ਇਹਨਾਂ ਦਾ ਹੁਕਮ ਮੰਨੋ ।

2. ਮੰਨੂ ਸਿਮਰਤੀ ਅਨੁਸਾਰ ਅਛੂਤਾਂ ਨੂੰ ਮਿੱਟੀ ਦੇ ਟੁੱਟੇ ਹੋਏ ਭਾਂਡੇ ਅਤੇ ਫਟੇ ਪੁਰਾਣੇ ਕੱਪੜੇ ਇਸਤੇਮਾਲ ਕਰਨੇ ਚਾਹੀਦੇ ਹਨ। ਇਹ ਸਿਮਰਤੀ ਅਛੂਤਾਂ ਨੂੰ ਗਧੇ ਅਤੇ ਸੂਰ ਪਾਲਣ ਦਾ ਹੁਕਮ ਦਿੰਦੀ ਹੈ। ਪਖਾਨਾ ਸਾਫ ਕਰਨਾ, ਝਾੜੂ ਦੇਣਾ, ਫਾਂਸੀ ਲਾਉਣਾ, ਮਰੇ ਪਛੂ ਘੜੀਸਣਾ ਉਹਨਾਂ ਦਾ ਚੰਮ ਉਤਾਰਨਾ, ਉਹਨਾਂ ਦਾ ਪੇਸ਼ਾ ਮਿਥਿਆ ਗਿਆ।

3. ਕੌਟੱਲਿਆ ਦੇ ਅਰਥ ਸ਼ਾਸਤਰ ਅਨੁਸਾਰ : ਬ੍ਰਾਹਮਣਾਂ ਤੋਂ ਘਟੋ ਘਟ ਅਤੇ ਅਛੂਤਾਂ ਤੋਂ ਵਧ ਵਿਆਜ ਲਿਆ ਜਾਣਾ ਚਾਹੀਦਾ ਹੈ।

4. ਤੁਲਸੀ ਦਾਸ ਰਮਾਇਣ ਵਿਚ ਲਿਖਦਾ ਹੈ, ਬ੍ਰਾਹਮਣ ਚਾਹੇ ਮੂਰਖ ਵੀ ਹੋਵੇ ਉਸਦੀ ਪੂਜਾ ਕਰਨੀ ਚਾਹੀਦੀ ਹੈ ਪਰ ਸ਼ੂਦਰ ਚਾਹੇ ਕਿੰਨਾ ਵੀ ਵਿਦਵਾਨ ਕਿਉਂ ਨਾ ਹੋਵੇ ਉਸ ਦਾ ਸਤਿਕਾਰ ਨਹੀਂ ਕਰਨਾ ਚਾਹੀਦਾ।

ਕ੍ਰਿਸ਼ਨ ਗੀਤਾ ਵਿਚ ਲਿਖਦਾ ਹੈ, 'ਮੈਂ ਖੁਦ ਚਾਰੇ ਵਰਨਾਂ ਨੂੰ ਉਹਨਾਂ ਦੇ ਗੁਣ ਕਰਮ ਅਤੇ ਸੁਭਾਅ ਅਨੁਸਾਰ ਬਣਾ ਲਿਆ ਹੈ। ਜਿਸ ਨੂੰ ਜਿਹੜਾ ਵੀ ਵਰਨ ਮਿਲ ਗਿਆ ਹੈ ਉਸ ਨੂੰ ਉਸੇ ਤੇ ਸੰਤੋਖ ਕਰਨਾ ਪਵੇਗਾ ।

6. ਮੰਨੂੰ ਸਿਮਰਤੀ ਨੇ ਸ਼ੂਦਰਾਂ ਅਤੇ ਇਸਤ੍ਰੀਆਂ ਨੂੰ ਹਥਿਆਰ ਰਖਣ ਦੀ ਮਨਾਹੀ ਕੀਤੀ ਹੈ। ਇਸ ਦੇ ਨਿਯਮਾਂ ਅਨੁਸਾਰ ਅਛੂਤਾਂ ਨੂੰ ਪਿੰਡੋਂ ਬਾਹਰ ਅਤੇ ਪੂਰਬੀ ਹਿਸੇ ਵਿਚ ਰਹਿਣਾ ਪੈਂਦਾ ਹੈ । ਹਿੰਦੂਆਂ ਦੀ ਇਸੇ ਧਾਰਮਕ ਪੁਸਤਕ ਵਿਚ ਲਿਖਿਆ ਹੈ ਕਿ ਜੇਕਰ ਰਾਹ ਵਿਚ ਸ਼ੂਦਰ ਅਤੇ ਸੱਪ ਇਕੱਠੇ ਮਿਲ ਪੈਣ ਤਾਂ ਪਹਿਲਾਂ ਸ਼ੂਦਰ ਨੂੰ ਮਾਰ ਸੁੱਟੋ ਜੋ ਸੱਪ ਤੋਂ ਵਧੇਰੇ ਖ਼ਤਰਨਾਕ ਹੈ।

7. ਗੀਤਾ ਉਪਦੇਸ਼ ਦਿੰਦੀ ਹੈ, 'ਇਸਤਰੀਆਂ, ਵੈਸ਼ ਅਤੇ ਸਾਰੀਆਂ ਸ਼ੂਦਰ ਜਾਤਾਂ ਪਾਪ ਦੀ ਜੂਨੀ ਹਨ ।

8. ਤੁਲਸੀ ਦਾਸ ਨੇ ਰਮਾਇਣ ਵਿਚ ਲਿਖਿਆ ਹੈ, ਰਾਮ ਰਾਜ (ਜੋ ਗਾਂਧੀ ਲਿਆਉਣਾ ਚਾਹੁੰਦਾ ਸੀ) ਵਿਚ ਸਭ ਨਰ ਅਤੇ ਨਾਰੀਆਂ ਬ੍ਰਾਹਮਣਾਂ ਦੇ ਚਰਨਾਂ ਦੇ ਦਾਸ ਹਨ।

ਇਸ ਤੋਂ ਇਲਾਵਾ ਹਰ ਸ਼ਾਸਤਰ ਦਾ ਹੁਕਮ ਹੈ ਕਿ ਇਸਤਰੀਆਂ ਅਤੇ ਸ਼ੂਦਰਾਂ ਨੂੰ ਪੜ੍ਹਨਾ ਅਤੇ ਪੜ੍ਹਾਉਣਾ ਮਨ੍ਹਾ ਹੈ। ਇਹ ਵੀ ਹੁਕਮ ਕੀਤਾ ਗਿਆ ਕਿ ਕੋਈ ਸ਼ਦਰ ਉਚੀ ਜਾਤ ਵਾਲੇ ਨਾਲ ਦਲੀਲ ਬਾਜੀ ਕਰੇ ਤਾਂ ਉਸ ਦੇ ਮੂੰਹ ਵਿਚ ਬਲਦੀ ਹੋਈ ਉਂਗਲ ਭਰ ਲਕੜੀ ਘਸੋੜ ਦਿਤੀ ਜਾਵੇ।

ਹੁਣ ਉਪਰੋਕਤ ਟੂਕਾਂ ਤੋਂ ਸਾਫ ਹੋ ਜਾਂਦਾ ਹੈ ਕਿ ਰਮਾਇਣ, ਗੀਤਾ, ਮਨੂੰ ਸਿਮਰਤੀ ਤੇ ਵੇਦ ਹਿੰਦੂਆਂ ਦੀਆਂ ਸਾਰੀਆਂ ਧਾਰਮਕ ਕਿਤਾਬਾਂ ਜਾਤੀ ਭੇਦ, ਛੂਆ ਛਾਤ ਤੇ ਉਚ-ਨੀਚ ਦੀਆਂ ਗਹਿਰੀਆਂ ਨੀਹਾਂ ਵਾਲੀਆਂ ਉੱਚੀਆਂ ਮੀਨਾਰਾਂ ਕੰਧਾਂ ਉਸਾਰਨ ਦਾ ਅਡੰਬਰ ਰਚਦੀਆਂ ਹਨ। ਇਸ ਵਰਤਾਰੇ ਨੂੰ ਕਾਇਮ ਰਖਣ ਲਈ ਹੀ ਗਾਂਧੀ ਨੇ ਕਿਹਾ ਹੈ,

'ਵਰਨ ਦਾ ਸਿਧਾਂਤ ਸਾਨੂੰ ਸਿਖਿਆ ਦਿੰਦਾ ਹੈ ਕਿ ਸਾਡੇ ਵਿਚੋਂ ਹਰੇਕ ਨੂੰ ਆਪਣਾ ਜੱਦੀ ਧੰਦਾ ਕਰ ਕੇ ਰੋਟੀ ਕਮਾਉਣੀ ਚਾਹੀਦੀ ਹੈ ।.. ਬ੍ਰਾਹਮਣ ਦਾ ਅਧਿਆਤਮ ਗੁਰੂ ਦਾ ਕੰਮ ਅਤੇ ਇਕ ਭੰਗੀ ਦਾ ਕੰਮ ਦੋਵੇਂ ਬਰਾਬਰ ਹਨ ਅਤੇ ਇਹਨਾਂ ਨੂੰ ਚੰਗੇ ਰੂਪ ਵਿਚ ਕਰਨਾ ਭਗਵਾਨ ਦੀਆਂ ਨਜ਼ਰਾਂ ਵਿਚ ਪੁੰਨ ਹੈ।...ਵਰਨ ਦੇ ਸਿਧਾਂਤ ਵਿਚ ਕੋਈ ਵੀ ਅਜਿਹੀ ਗੱਲ ਨਹੀਂ ਜੋ ਛੂਤ ਛਾਤ ਵਿਚ ਯਕੀਨ ਰੱਖਣ ਦੀ ਆਗਿਆ ਦਿੰਦੀ ਹੋਵੇ।'

ਇਸ ਤਰ੍ਹਾਂ ਗਾਂਧੀ ਆਪਣੇ ਬ੍ਰਾਹਮਣਵਾਦ ਦੀ ਚੁਸਤੀ ਨਾਲ ਵਕਾਲਤ ਕਰਦਾ ਦਿਖਾਈ ਦਿੰਦਾ ਹੈ। ਏਥੇ ਹੀ ਮੈਂ ਕੁਝ ਹਵਾਲੇ, ਇੰਦਰਾ ਗਾਂਧੀ ਵਰਤਮਾਨ ਪ੍ਰਧਾਨ ਮੰਤਰੀ ਦੇ ਭਾਸ਼ਨਾਂ ਦੇ, ਦੇਣਾ ਮੁਨਾਸਬ ਸਮਝਦਾ ਹਾਂ।

ਰਮਾਇਣ ਅਤੇ ਮਹਾਂ ਭਾਰਤ ਨੇ ਭਾਰਤ ਦੀ ਇਖਲਾਕੀ ਤਰੱਕੀ ਵਿਚ ਸਹਾਇਤਾ ਕੀਤੀ ਹੈ।... ਰਮਾਇਣ ਅਤੇ ਮਹਾਂ ਭਾਰਤ ਸਦੀਆਂ ਤੋਂ ਭਾਰਤੀ ਜੰਤਾ ਨੂੰ ਪਰੇਰਨਾ ਦਿੰਦੇ ਆ ਰਹੇ ਹਨ ।...ਰਾਮ ਚਰਿੱਤ ਮਾਨਸ ਦਾ ਅਧਾਰ ਸੋਚਦੀ ਹੈ ਅਤੇ ਮਨੁੱਖੀ ਭਲਾਈ ਦੀ ਭਾਵਨਾ ਹੈ...ਗੀਤਾ ਭਾਰਤ ਦੀ ਸੰਸਾਰ ਨੂੰ ਸਭ ਤੋਂ ਵੱਡੀ ਦੇਣ ਹੈ।'

ਇਕ ਪਾਸੇ ਰਾਮ ਚਰਿੱਤ ਮਾਨਸ ਵਿਚ ਲਿਖਿਆ ਹੈ, 'ਸਾਰੇ ਗਿਆਨ ਵਿਚ ਪ੍ਰਵੀਨ ਸ਼ੂਦਰ ਵੀ ਪੂਜਣਯੋਗ ਨਹੀਂ...ਬ੍ਰਾਹਮਣ ਚਾਹੇ ਗੁਣ ਅਤੇ ਸ਼ੀਲਤਾ ਤੋਂ ਰਹਿਤ

ਹੋਵੇ, ਸਰਾਪ ਦੇਣ ਵਾਲਾ ਹੋਵੇ, ਗਾਲ੍ਹਾਂ ਕੱਢਣ ਵਾਲਾ ਹੋਵੇ ਫਿਰ ਵੀ ਪੂਜਣਯੋਗ ਹੈ ।

ਦੂਜੇ ਪਾਸੇ ਡਾ: ਗਿਆਨੀ ਜ਼ੈਲ ਸਿੰਘ, ਮੁਖ ਮੰਤਰੀ ਹੋਣ ਸਮੇਂ ਕਿਹਾ ਸੀ, 'ਤੁਲਸੀ ਦਾਸ ਦਾ ਰਾਮ ਚਰਿੱਤ ਮਾਣਸ ਰੌਸ਼ਨੀ ਦਾ ਇਕ ਮੀਨਾਰ ਹੈ ।'

ਇਹਨਾਂ ਵਿਖਿਆਨਾਂ ਤੋਂ ਜ਼ਾਹਰ ਹੈ ਕਿ ਹਕੂਮਤਾਂ ਬ੍ਰਾਹਮਣਵਾਦ ਦੇ ਜਾਤੀ ਪਾਤੀ...ਨਿਘਰੇ ਹੋਏ ਮਨੁੱਖਤਾ ਦੇ ਦੁਸ਼ਮਣ ਸਭਿਆਚਾਰ ਦੀ ਪਿੱਠ ਠੋਕਦੀਆਂ ਹਨ । ਉਸੇ ਤਰ੍ਹਾਂ ਜਿਵੇਂ ਬ੍ਰਾਮਣ ਰਾਮ (ਰਾਜਾ) ਨੇ ਸ਼ੂਦਰ ਰਿਸ਼ੀ ਸੰਭਸ਼ ਨੂੰ ਇਸ ਲਈ ਕਤਲ ਕੀਤਾ ਕਿ ਉਹ ਗਿਆਨ ਦੇ ਰਾਹ ਚਲਿਆ ਸੀ । ਏਸੇ ਪਾਂਡੋਆਂ ਦੇ ਗੁਰੂ ਦਰੋਣਾਚਾਰੀਆ ਨੇ ਸ਼ੂਦਰ ਏਕਲਵੇ ਦਾ ਅੰਗੂਠਾ ਇਸ ਲਈ ਕਟਵਾ ਦਿਤਾ ਸੀ ਕਿਉਂਕਿ ਉਹ ਅਰਜਨ ਤੋਂ ਜ਼ਿਆਦਾ ਤੀਰ ਅੰਦਾਜ਼ ਸਾਬਤ ਹੋਇਆ ਸੀ ।

ਇਸ ਵਿਆਖਿਆ ਤੋਂ ਪਰਤ ਕੇ ਮੈਂ ਮੁੜ ਗਾਂਧੀ ਦੇ ਜਾਤ ਪਾਤੀ ਰੋਲ ਵਲ ਆਉਂਦਾ ਹਾਂ । ਗਾਂਧੀ ਦੀ ਇਸ ਮਕਾਰੀ ਅਤੇ 'ਹਰੀਜਨਾਂ' ਦੇ ਨਾਲ ਧੋਖੇ ਦਾ ਸਬੂਤ ਉਹ ਪੂਨਾ ਪੈਕਟ ਹੈ ਜੋ 24 ਸਤੰਬਰ 1932 ਨੂੰ ਪਾਸ ਕੀਤਾ ਹੈ । ਅਤੇ ਜਿਸ ਦੇ ਸਿਰੇ ਲੱਗਣ ਤੋਂ ਪਹਿਲਾਂ ਇਸ ਮਹਾਤਮਾ ਅਤੇ ਡਾਕਟਰ ਅੰਬੇਦਕਰ ਵਿਚ ਲੰਬਾ ਘੋਲ ਚਲਿਆ ।

ਪੂਨਾ ਪੈਕਟ ਦੇ ਫਿਰਕੂ ਫੈਸਲੇ ਅਨੁਸਾਰ ਅੰਗਰੇਜ਼ ਸਰਕਾਰ ਨੇ ਅਛੂਤਾਂ ਨੂੰ ਦੂਜੀਆਂ ਕੌਮਾਂ ਨਾਲੋਂ ਵੱਖਰੇ ਚੋਣ ਖੇਤਰ ਦੇਣ ਦਾ ਅਧਿਕਾਰ ਦਿੱਤਾ ਸੀ । ਤਾਂ ਉੱਚੀਆਂ ਜਾਤਾਂ ਵਾਲੇ ਲੋਕ ਸ਼ੂਦਰ ਜਾਤਾਂ ਦਾ ਸ਼ੋਸ਼ਨ ਨਾ ਕਰ ਸਕਣ । ਜਿਸਦਾ ਵਿਰੋਧ ਗਾਂਧੀ ਨੇ ਹੇਠਲੇ ਸ਼ਬਦਾਂ ਨਾਲ ਸ਼ੁਰੂ ਕੀਤਾ :—

'ਮੈਂ ਅਛੂਤਾਂ ਨੂੰ ਅਲਗ ਅਧਿਕਾਰ ਦੇਣ ਦੇ ਵਿਰੁੱਧ ਹਾਂ । ...ਜੇਕਰ ਸਰਕਾਰ ਨੇ ਇਸ ਫੈਸਲੇ ਨੂੰ ਮਨਜ਼ੂਰ ਕਰਕੇ ਇਸਨੂੰ ਲਾਗੂ ਕਰ ਦਿੱਤਾ ਤਾਂ ਮੈਂ ਜਾਨ ਦੇ ਦਿਆਂਗਾ—ਕਾਂਗਰਸ ਕਿਸੇ ਵੀ ਅਜੇਹੇ ਹੱਲ ਨੂੰ ਸਵੀਕਾਰ ਕਰਨ ਲਈ ਤਿਆਰ ਹੈ ਜੋ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਪ੍ਰਵਾਨ ਹੋਵੇ...ਪਰ ਉਹ ਕਿਸੇ ਘੱਟ ਗਿਣਤੀ ਵਾਸਤੇ ਵਿਸ਼ੇਸ਼ ਅਧਿਕਾਰ ਜਾਂ ਵਿਸ਼ੇਸ਼ ਚੋਣ ਖੇਤਰ ਨੂੰ ਮੰਨਣ ਨੂੰ ਤਿਆਰ ਨਹੀਂ । —ਮੇਰਾ ਇਹ ਵਰਤ ਅਛੂਤਾਂ ਵਾਸਤੇ ਵੱਖਰੇ ਚੋਣ ਖੇਤਰਾਂ ਦੇ ਵਿਰੁੱਧ ਹੈ । ...ਅੰਗਰੇਜ਼ ਹਾਕਮਾਂ ਨੂੰ ਇਸ ਮੂਰਖਤਾ ਤੋਂ ਜਗਾਉਣ ਵਾਸਤੇ ਹੀ ਮੈਂ ਆਪਣੀ ਜ਼ਮੀਰ ਦੀ ਅਵਾਜ਼ ਅਨੁਸਾਰ ਜਾਨ ਨਾਲ ਖੇਡਣ ਦਾ ਫੈਸਲਾ ਕੀਤਾ ਹੈ ।'

ਇਸ ਪ੍ਰਸੰਸ ਵਿੱਚ ਉਸ ਸਮੇਂ ਸੀ. ਪੀ. ਆਈ. ਵਲੋਂ ਇਹ ਬਿਆਨ ਜਾਰੀ ਕੀਤਾ ਗਿਆ ਸੀ, 'ਉਸਦਾ (ਗਾਂਧੀ ਦਾ) ਸਾਰਾ ਜੀਵਨ ਹੀ ਛਲਕਪਟ ਦਾ ਸਮੂਹ ਰਿਹਾ ਹੈ । ...ਉਹ ਹਿੰਦੁਸਤਾਨ ਅੰਦਰ ਕਿਰਤੀਆਂ ਅਤੇ ਕਿਸਾਨਾਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ ।'

ਇਸੇ ਪ੍ਰਸੰਗ ਵਿੱਚ ਹੀ ਪ੍ਰੋ: ਐਡਵਰਡ ਥਾਮਸਨ ਨੇ ਨਹਿਰੂ ਨੂੰ ਇਕ ਪੱਤਰ ਵਿੱਚ ਲਿਖਿਆ ਸੀ '...ਗੋਲਮੇਜ਼ ਕਾਨਫਰੰਸ ਵਿੱਚ ਗਾਂਧੀ ਜੀ ਗਲਤ ਤਾਂ ਸੀ ਹੀ...ਉਹ ਹੰਕਾਰੀ, ਹੱਠੀ, ਕੌੜੇ ਤੇ ਰੁੱਖੇ ਵੀ ਸਨ...ਸ਼ਾਇਦ ਉਸਨੂੰ ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਲ ਨਹੀਂ ਸੀ ਹੋਣਾ ਚਾਹੀਦਾ ।'

ਉਪਰੋਕਤ ਸਾਰੇ ਹਵਾਲੇ 1. ਪੂਨਾ ਪੈਕਟ ਲਿਖਤ ਬੀ. ਆਰ. ਸਾਂਪਲਾ 2. ਜਾਤ ਪਾਤ ਜਾਂ ਕੈਂਸਰ ਲਿਖਤ ਬੀ. ਆਰ. ਸਾਂਪਲਾ ਵਿਚੋਂ ਲਏ ਗਏ ਹਨ ।

ਸੋ ਇਹ ਹਨ ਉਹ ਇਤਿਹਾਸਕ ਸਬੂਤ ਜੋ ਸਾਬਤ ਕਰਦੇ ਹਨ ਕਿ ਗਾਂਧੀ ਕੋਈ ਮਹਾਨ ਪੁਰਸ਼ ਨਹੀਂ ਸੀ । ਤੇ ਨਾ ਹੀ ਉਸ ਨੂੰ ਕਿਸੇ ਮਹਾਨ ਆਤਮਾਂ ਵਾਲਾ ਪੁਰਸ਼ ਕਿਹਾ ਜਾ ਸਕਦਾ ਹੈ ! ਹਾਂ ਏਥੇ ਹੀ, ਇਹ ਗੱਲ ਬੜੀ ਅਸਾਨੀ ਨਾਲ ਮੰਨੀ ਜਾ ਸਕਦੀ ਹੈ ਕਿ ਉਹ ਬ੍ਰਾਹਮਣਾਂ ਲਈ, ਬ੍ਰਾਹਮਣਵਾਦ ਲਈ ਅਤੇ ਜਾਤਪਾਤੀ ਸਭਿਆਚਾਰ ਨੂੰ ਜ਼ਿੰਦਾ ਰੱਖਣ ਲਈ, ਸਹੀ ਹੀ ਇੱਕ ਮਹਾਨ ਪੁਰਸ਼ ਅਤੇ ਮਹਾਨ ਆਤਮਾਂ ਸੀ । ਪਰ ਇਸ ਦੇਸ਼ ਦੇ 35% ਸ਼ੂਦਰਾਂ ਨਾਲ ਅਤੇ 52% ਘੱਟਗਿਣਤੀ ਪਛੜੀਆਂ ਜਾਤੀਆਂ ਨਾਲ ਉਸਨੇ ਓਡੀ ਹੀ ਗੈਰ ਇਖਲਾਕੀ ਕੀਤੀ ਜਿੱਡੀ ਹਿੰਦੂਆਂ ਦੇ ਧਾਰਮਕ ਗ੍ਰੰਥਾਂ, ਤੇ ਜਾਤਪਾਤੀ ਢਾਂਚੇ ਨੇ ਕੀਤੀ ।

ਚਾਰ ਹਜ਼ਾਰ ਸਾਲਾਂ ਤੋਂ ਗੁਲਾਮ ਦਰ ਗੁਲਾਮ ਚਲੇ ਆ ਰਹੇ ਕਰੋੜਾਂ ਲੋਕਾਂ ਦੇ ਮਨੁੱਖੀ ਅਧਿਕਾਰਾਂ ਤੋਂ ਅਤੇ ਸਮਾਜਕ, ਆਰਥਕ, ਧਾਰਮਕ, ਰਾਜਨੀਤਕ ਅਜ਼ਾਦੀ ਤੋਂ ਵੰਚਿਤ ਰੱਖਣ ਲਈ ਇਸ 'ਮਹਾਂ ਪੁਰਸ਼' ਨੇ ਹੱਥ 'ਚ ਕੁਰਾਨ ਫੜੀ ਮੁਸਲਮਾਨ ਆਗੂ ਆਗਾ ਖਾਨ ਨੂੰ ਵਰਗਲਾਉਣ ਦਾ ਯਤਨ ਕੀਤਾ ।

ਤਾਂ ਕਿ ਉਹ ਮੁਸਲਮਾਨਾਂ ਅਤੇ ਸਿੱਖਾਂ ਦੇ ਅਧਿਕਾਰਾਂ ਤੋਂ ਇਲਾਵਾ ਕਿਸੇ ਹੋਰ ਜਾਤੀ ਦੇ ਪੱਖ ਵਿਚ ਨਾ ਸੋਚੇ । ਉਸਨੇ ਹਿੰਦੂਵਾਦ ਨੂੰ ਜਿਉਂਦਾ ਰੱਖਣ ਖਾਤਰ ਮੁਹੰਮਦ ਅਲੀ ਜਿਨਾਹ ਨੂੰ ਬਗਲ 'ਚ ਲਿਆ ਅਤੇ ਆਪਣੇ ਹੱਥੀਂ ਸ਼ਰਾਬ ਪਿਆਈ ਅਤੇ ਇਥੋਂ ਤੱਕ ਕਿਹਾ ਕਿ ਜੇ ਮੁਸਲਮਾਨ ਆਗੂ ਅਛੂਤਾਂ ਦੀਆਂ ਸਾਰੀਆਂ ਮੰਗਾਂ ਦਾ ਡੱਟਵਾਂ ਵਿਰੋਧ ਕਰਨ ਤਾਂ ਉਹ ਉਹਨਾਂ ਦੀ ਹਰ ਸ਼ਰਤ ਮੰਨਣ ਨੂੰ ਤਿਆਰ ਹੋਣਗੇ । ਗਾਂਧੀ ਨੇ ਇਸ ਤਰ੍ਹਾਂ ਅਛੂਤਾਂ ਦੀ ਬੁਨਿਆਦੀ ਅਜ਼ਾਦੀ ਅਤੇ ਹੱਕ ਸੱਚ ਦੀ ਅਵਾਜ਼ ਨੂੰ 'ਘਰੇਗੀ ਮਸਲਾ' ਕਹਿਕੇ ਕੁਚਲਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਦਿੱਤਾ ਸੀ ।

ਜ਼ਿੰਦਗੀ ਭਰੇ ਇਸ ਵਿਅਕਤੀ ਨੇ ਅਹਿੰਸਾ ਦਾ

ਪਰਚਾਰ ਪਖੰਡ ਰਚਾਇਆ। ਪਰ ਹਿੰਦੂਆਂ ਦੇ ਜ਼ਾਤ ਪਾਤੀ ਸੱਭਿਆਚਾਰ ਰਾਹੀਂ ਕਰੋੜਾਂ ਗਰੀਬ ਕੀਤੇ ਗਏ ਇਨਸਾਨਾਂ ਦਾ ਰਾਜਨੀਤਕ, ਧਾਰਮਕ, ਸਮਾਜਕ ਨੈਤਕ ਅਤੇ ਆਰਥਕ ਕਤਲ ਕਰਨ ਵਲੋਂ ਜਗਉਕਤਾਈ ਨਹੀਂ ਕੀਤੀ। ਉਸਦੇ ਜੀਵਨ ਦਾ ਸਾਰਾ ਸੰਘਰਸ਼ ਪੂੰਜੀਵਾਦ ਅਤੇ ਬ੍ਰਾਹਮਣਵਾਦ ਦੀਆਂ ਜੜ੍ਹਾਂ ਮਜਬੂਤ ਕਰਨ ਲਈ ਤੱਤਪਰ ਰਿਹਾ। ਅਛੂਤਾਂ ਨੂੰ ਕਿਸੇ ਵੀ ਅਧਿਕਾਰ ਮਿਲਣ ਸਮੇਂ ਉਹ ਸੋਚਦਾ ਰਿਹਾ ਕਿ ਇਸ ਤਰ੍ਹਾਂ ਤਾਂ ਹਿੰਦੂਵਾਦ ਖੇਰੂੰ ਖੇਰੂੰ ਹੋ ਜਾਵੇਗਾ। ਹਿੰਦੂਆਂ ਦੇ ਗੈਰ ਇਨਸਾਨੀ, ਗੈਰ ਇਖਲਾਕੀ ਅਸਲੋਂ ਤੰਗ ਦਿਲ ਵਤੀਰੇ 'ਤੇ ਸੱਟ ਪੈਣ ਸਮੇਂ ਉਹ ਬੌਖਲਾ ਉਠਦਾ ਸੀ। 'ਤੇ ਮਰ ਮਿਟਣ ਦੀਆਂ ਕਸਮਾਂ ਪਾ ਲੈਂਦਾ ਸੀ।

ਦੂਜੇ ਪਾਸੇ ਉਸ ਸਮੇਂ ਦੇ ਸਾਰੇ ਹਿੰਦੂ ਲੀਡਰਾਂ ਨੇ (ਜਦੋਂ ਫਿਰਕੂ ਇਨਾਮ ਹਟਾਉਣ ਸਬੰਧੀ ਵਰਤ ਰੱਖ ਕੇ ਗਾਂਧੀ ਮਰਨ ਕਿਨਾਰੇ ਪਹੁੰਚ ਚੁੱਕਾ ਸੀ) ਸੌਂਹਾਂ ਖਾਧੀਆਂ ਕਿ ਉਹ ਜਾਤਪਾਤੀ ਢਾਂਚੇ ਨੂੰ ਅੱਗੇ ਤੋਂ ਅਸਲੋਂ ਹੀ ਤਬਾਹ ਕਰ ਦੇਣਗੇ। ਅਛੂਤ ਹਿੰਦੂਆਂ ਦੇ ਬਰਾਬਰ ਮੰਨੇ ਜਾਣਗੇ। ਅਛੂਤਾਂ ਦੀ ਉਨਤੀ ਲਈ ਉਹ ਸਭ ਕੁਝ ਵਾਰ ਦੇਣਗੇ...ਬ੍ਰਾਹਮਣ ਬੇਟਿਆਂ ਨੇ ਜਿਨ੍ਹਾਂ 'ਚ ਗਾਂਧੀ ਦਾ ਆਪਣਾ ਪੁੱਤਰ ਵੀ ਸ਼ਾਮਲ ਸੀ। ਡਾਕਟਰ ਅੰਬੇਦਕਰ ਦੇ ਸਾਮਣੇ ਗਲ 'ਚ ਪੱਲੂ ਪਾਕੇ ਗਾਂਧੀ ਦੀ ਜ਼ਿੰਦਗੀ ਦੀ ਭੀਖ ਮੰਗੀ ਸੀ। ਤੇ ਉਸ ਇਨਸਾਨ ਦੇ ਬੇਟੇ ਨੇ ਇਨਸਾਨੀਅਤ ਨੂੰ ਜੀਉਂਦਾ ਰੱਖਣ ਖਾਤਰ ਅਛੂਤਾਂ ਦੇ ਦੁਸ਼ਮਣ ਇਨਸਾਨ ਨਾਲ ਦੁਖੀ ਮਨ ਨਾਲ ਸਮਝੌਤਾ ਕਰ ਲਿਆ। ਜੋ ਬਾਦ ਵਿਚ ਪੂਨਾ ਪੈਕਟ ਅਖਵਾਇਆ। ਅੰਤ 'ਹਰੀਜਨ ਕਲਿਆਣ' ਦਾ ਫਰੇਬੀ ਨਾਅਰਾ ਗਾਂਧੀ ਨੂੰ ਬਚਾਉਣ ਜਾਂ ਕਹਿ ਲਓ ਕਿ ਬ੍ਰਾਹਮਣਵਾਦ ਨੂੰ ਬਚਾਉਣ ਲਈ ਸਹਾਈ ਸਿੱਧ ਹੋਇਆ। ਪਰ ਅੱਜ ਅਜ਼ਾਦੀ ਦੇ 36 ਸਾਲਾਂ ਬਾਦ ਵੀ ਦੇਸ਼ ਦੇ 85 ਪ੍ਰਤੀਸ਼ਤ ਸ਼ੂਦਰ/ਅਛੂਤ ਲੋਕ ਓਹੀ ਘਟੀਆ ਤੇ ਭੁੱਖਾ ਨੰਗਾ ਤੇ ਨਿਆਸਰਾ ਜੀਵਨ ਬਿਤਾ ਰਹੇ ਹਨ। ਉਹਨਾਂ ਦੇ ਭੇਡਾਂ ਬੱਕਰੀਆਂ ਵਾਂਗ ਕਤਲ ਹੁੰਦੇ ਹਨ। ਬੁੱਢੀਆਂ ਔਰਤਾਂ ਤੇ ਬਾਲੜੀਆਂ ਦੇ ਬਲਾਤਕਾਰ ਕੀਤੇ ਜਾਂਦੇ ਹਨ। ਝੁੱਗੀਆਂ ਸਾੜੀਆਂ ਜਾਂਦੀਆਂ ਹਨ। ਸ਼ੂਦਰ ਲੋਕ-ਜਿਉਂਦੇ ਸਾੜ ਦਿੱਤੇ ਜਾਂਦੇ ਹਨ। ਗੋਲੀਆਂ ਨਾਲ ਸ਼ਰੇਆਮ ਭੁੰਨ ਦਿਤੇ ਜਾਂਦੇ ਹਨ। ਕਿਉਂਕਿ ਰਾਜ ਭਾਗ ਉੱਚੀਆਂ ਜਾਤਾਂ ਦਾ ਹੈ। ਕਨੂੰਨ ਉਹਨਾਂ ਦਾ ਹੈ ਪੁਲਸ ਉਹਨਾਂ ਦੀ ਹੈ। ਫਿਰ ਕੌਣ ਹੈ ਜੋ ਇਹਨਾਂ ਸ਼ੂਦਰ ਅਛੂਤਾਂ ਨੂੰ ਜ਼ੁਲਮ-ਅਤਿਆਚਾਰ ਤੋਂ ਬਚਾਵੇਗਾ ?

ਕੀ ਉਹਨਾਂ ਨੂੰ ਕਾਮਰੇਡ ਚੌਧਰੀ ਰਾਮ ਸਿੰਘ ਦੱਤ ਬਚਾਵੇਗਾ। ਜਿਸਦੇ ਘਰ ਦੂਜੇ ਬੰਦਿਆਂ ਲਈ ਮਿੱਟੀ ਦੇ ਭਾਂਡੇ ਰੱਖੇ ਹਨ ? ਜਾਂ ਪੀ. ਸੀ. ਜੋਸ਼ੀ-ਜੋ ਕਹਿੰਦਾ ਹੈ, ਗੁਪਤੇ ਦੀ ਥਾਂ ਹੁਣ ਚਮਾਰ ਲੱਖ ਪਤੀ ਬਣ ਜਾਣ ? ਜਾਂ ਬੰਗਲੌਰ ਦਾ ਉਹ ਕਮਿਊਨਿਸਟ ਨੇਤਾ ਜੋ ਜਨੇਊ ਵਿਖਾ ਕੇ ਬਾਮਣਾਂ ਖੱਤਰੀਆਂ ਤੋਂ ਵੋਟਾਂ ਮੰਗਦਾ ਹੈ ? ਜਾਂ ਡਾਂਗੇ, ਰਜੇਸ਼ਵਰ ਰਾਓ, ਰੰਧੀਵੇ, ਨਮੂਦਰੀ ਪਾਦ ਜੋ ਆਪ ਬ੍ਰਾਮਣ ਹਨ ? ਜਾਂ 'ਤਲਿੰਗਾਨਾ' ਦੇ ਉਹ ਕਾਮਰੇਡ ਜਿੰਨਾਂ ਜਗੀਰਦਾਰਾਂ ਤੋਂ ਖੋਹੀ ਜ਼ਮੀਨ ਸ਼ੂਦਰਾਂ ਨੂੰ ਇਸ ਲਈ ਨਹੀਂ ਵੰਡੀ ਕਿ ਉਹ ਖੇਤ ਮਜ਼ਦੂਰ ਹਨ ? ਜਾਂ ਫਿਰ ਉਹ ਜੱਟ ਕਾਮਰੇਡ ਜੋ ਦਿਹਾੜੀ ਪਿੱਛੇ ਕਿਸੇ ਚੂੜੇ ਚਮਿਆਰ ਨਾਲ ਲੜਨ ਨੂੰ ਠੀਕ ਮੰਨਦੇ ਹਨ ਪਰ ਅਸਲ ਲੁਟੇਰੇ ਆੜਤੀਏ ਦੀ ਗੱਲ ਨਹੀਂ ਕਰਦੇ ? ਜਾਂ ਫਿਰ ਉਹ ਕਾਮਰੇਡ ਜੋ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਦਾ ਰਾਹ ਸਾਡਾ ਰਾਹ ਪਰ ਜਿਨ੍ਹਾਂ ਦੇ ਘਰੋਂ ਅੱਜ ਵੀ ਸੀਰੀ ਚੂੜ੍ਹਾ ਖੁਰਲੀ ਕੋਲ ਬਹਿਕੇ ਦੂਰੋਂ ਸੁੱਟੀਆਂ ਰੋਟੀਆਂ, ਕੁੱਤੇ ਵਾਂਗ ਬੁੱਚਕੇ ਚਬਦਾ ਤੇ ਪਾਣੀ ਨਾਲ ਲੰਘਾਉਂਦਾ ਹੈ ?

ਮੇਰੇ ਦੋਸਤੋ ! ਮੈਂ ਸਮਝਦਾ ਹਾਂ ਕਿ ਇਸ ਦੇਸ਼ ਵਿਚ ਸ਼ੂਦਰਾਂ ਨੂੰ, ਜਾਤ ਪਾਤੀ ਤੇ ਛੂਆ ਛਾਤ ਦੇ ਅਤਿ ਘਿਨਾਉਣੇ ਜ਼ੁਲਮ ਤੋਂ ਬਚਾਉਣ ਲਈ, ਉਹਨਾਂ ਦੇ ਆਪਣੇ ਆਪ ਤੋਂ ਸਿਵਾ ਕੋਈ ਨਹੀਂ ਹੈ। ਹਾਂ ਕੋਈ ਨਹੀਂ ਹੈ। । ਉਹਨਾਂ ਨੂੰ ਆਪ ਹੀ ਇਕੱਠੇ ਹੋਕੇ ਆਪਣੇ ਬੁਨਿਆਦੀ ਤੇ ਜਮਾਂਦਰੂ ਹੱਕਾਂ ਖਾਤਰ ਲੜਨਾ ਮਰਨਾ ਪਵੇਗਾ ਤਾਂ ਹੀ ਉਹ ਹਜ਼ਾਰਾਂ ਸਾਲਾਂ ਦੀ ਇਸ ਘੋਰ ਨਰਕ ਗੁਲਾਮੀ ਤੋਂ ਛੁਟਕਾਰਾ ਪਾ ਸਕਦੇ ਹਨ।

—ਗੁਰਨਾਮ ਸਿੰਘ

2—ਮੈਂ ਫੌਜ ਵਿੱਚ ਨੌਕਰੀ ਕਰ ਰਿਹਾ ਹਾਂ। ਅਤੇ ਆਪ ਦਾ ਪੇਪਰ 'ਸਮਤਾ' ਮਈ ਤੋਂ ਪੜ ਰਿਹਾ ਹਾਂ। ਸਮਤਾ ਪੜ੍ਹ ਕੇ ਆਪਣੇ ਹੱਕਾਂ ਦੀ ਜਾਣਕਾਰੀ ਹੁੰਦੀ ਹੈ। ਅੱਜ ਫੌਜ ਵਿੱਚ ਵੀ ਸਿਵਲ ਵਾਂਗੂ ਅਫਸਰ, ਜੇ, ਸੀ. ਓ ਦੇ ਹੱਥ ਜੋ ਵੀ ਲਗਦਾ ਹੈ। ਉਹ ਖਾਣ ਦੀ ਕੋਸ਼ਿਸ਼ ਕਰਦਾ ਹੈ। ਉਹ ਚੀਜ਼ ਗੌਰਮਿੰਟ ਦੀ ਪ੍ਰੋਪ੍ਰਟੀ ਹੋਵੇ ਜਾਂ ਜਵਾਨ ਦਾ ਰਾਸ਼ਨ ਹੋਵੇ। ਉਹ ਹੜਪ ਕਰਨ ਵਿੱਚ ਸ਼ਰਮ ਨਹੀਂ ਕਰਦੇ। ਫੌਜ ਦੇ ਰਾਸ਼ਣ ਦੀ ਸਕੇਲ ਤਾਂ ਪਹਿਲਾਂ ਹੀ ਘੱਟ ਹੈ। ਪਰ ਉਸ ਵਿਚੋਂ ਜਦੋਂ ਇਹ ਨਵਾਬਯਾਦੇ ਖਾਂਦੇ ਹਨ ਤਾਂ ਬਾਕੀ ਜਵਾਨਾਂ ਦਾ ਰਾਸ਼ਨ ਕਿਹੋ ਜਿਹਾ ਬਣੇਗਾ। ਇਸ ਦਾ ਅੰਦਾਜਾ ਪਾਠਕ ਖੁਦ ਹੀ ਲਗਾ ਲੈਣ। ਸਾਡਾ ਤਾਂ ਸਾਰਾ ਸਾਲ ਇਹ ਸੋਚਦਿਆਂ ਹੀ ਲੰਘ ਜਾਂਦਾ ਹੈ ਕਿ ਜਦੋਂ ਛੁੱਟੀ ਜਾਵਾਂਗੇ। ਤਾਂ ਚੰਗਾ ਖਾਣਾ ਖਾਕੇ ਦੋ ਮਹੀਨੇ ਸੁੱਖ ਦੀ ਨੀਂਦ ਸੌਂਵਾਂਗੇ। ਅਜ ਦੀ ਫੌਜ ਵਿੱਚ ਟਰੇਨਿੰਗ ਘਟ ਅਤੇ ਜੀਅ ਹਜ਼ੂਰੀ ਏਨੀ ਹੋ ਗਈ ਹੈ ਕਿ 800 ਆਦਮੀ 24

ਘੱਟੋ 10 ਆਦਮੀਆਂ (ਅਫਸਰਾਂ) ਦੇ ਪਿਛੇ ਹੀ ਲਗਾ ਰਹਿੰਦਾ ਹੈ। ਇਸ ਵਿੱਚ ਅਫਸਰਾਂ ਤੋਂ ਵੱਧ ਦੋਸ਼ ਜੇ. ਸੀ. ਓ. ਰੈਂਕ ਦਾ ਹੈ। ਇਨ੍ਹਾਂ ਨੂੰ ਸੂਬੇਦਾਰ ਕਿਹਾ ਜਾਂਦਾ ਹੈ। ਇਹ ਜਵਾਨਾਂ ਨੂੰ ਉਨ੍ਹਾਂ ਦੇ ਪਿਛੇ ਲਾਈ ਰਖਦੇ ਹਨ। ਅੱਜ ਫੌਜ ਵਿੱਚ ਕੋਈ ਫੰਕਸ਼ਨ ਮਨਾਉਣ ਤੋਂ ਜਵਾਨ ਕੰਨੀ ਕਤਰਾਉਂਦੇ ਹਨ। ਉਹ 15 ਅਗਸਤ ਹੋਵੇ, ਦੀਵਾਲੀ ਹੋਵੇ ਜਾਂ ਕੋਈ ਗੁਰਪੁਰਬ ਹੋਵੇ ਜਾਂ ਖੇਡ ਦਾ ਮੈਦਾਨ ਹੋਵੇ। ਜਵਾਨਾਂ ਦਾ ਤਾਂ ਇਕ ਹਫਤਾ ਉਨ੍ਹਾਂ 10 ਅਫਸਰਾਂ ਦੀਆਂ ਸੇਵਾਵਾਂ ਵਿੱਚ ਲਗ ਜਾਂਦਾ ਹੈ। ਜਿਸ ਤੋਂ ਅੱਜ ਦਾ ਜਵਾਨ ਬਹੁਤ ਤੰਗ ਹੈ। ਪਰ ਅਜੇ ਜਵਾਨ ਆਪਣੀਆਂ ਘਰੇਲੂ ਮੁਸ਼ਕਲਾਂ ਕਰਕੇ ਬੋਲ ਨਹੀਂ ਰਿਹਾ। ਪਰ ਤੰਗ ਏਨਾ ਹੈ ਕਿ ਸਿਵਲ ਅਗਰ ਮਿਲ ਕੇ ਸੰਘਰਸ਼ ਕਰੇ ਤਾਂ ਇਹ ਜ਼ਰੂਰੀ ਸਿਵਲ ਦੀ ਮਦਦ ਕਰੇਗਾ। ਫੌਜ ਵਿੱਚ ਤਾਂ ਜੇ ਕੋਈ ਜਵਾਨ ਬੋਲਦਾ ਹੈ। ਤਾਂ ਉਸ ਨੂੰ ਜਾਂ ਤਾਂ ਸਜ਼ਾ ਦਿਤੀ ਜਾਂਦੀ ਹੈ ਜਾਂ ਪੋਸਟਿੰਗ ਕਰ ਦਿਤੀ ਜਾਂਦੀ ਹੈ। ਜਿਸ ਦੀ ਇਕ ਉਦਾਹਰਣ ਮੈਂ ਹਾਂ। ਸਾਡੇ ਜੇ. ਸੀ. ਓ. ਸਾਡੀ ਹੀ ਰੱਮ ਜਿਸ ਦੀ ਕੀਮਤ 13 ਰੁ: ਹੈ ਨੂੰ ਸਿਵਲ ਵਿੱਚ 25-30 ਰੁ: ਬੋਤਲ ਵੇਚਦੇ ਹਨ। ਤੇ ਕੁਝ ਜਵਾਨ ਜਿਨ੍ਹਾਂ ਨੂੰ ਜਿਆਦਾ ਪੀਣ ਦੀ ਆਦਤ ਹੈ। ਉਨ੍ਹਾਂ ਨੂੰ ਵੀ ਏਸੇ ਰੇਟ ਹੀ ਮਿਲਦੀ ਹੈ। ਜਦੋਂ ਮੈਂ ਇਸ ਗੱਲ ਦੀ ਚਰਚਾ ਕੀਤੀ ਕੇ ਮੈਂ ਸੀ. ਓ ਸਾਹਿਬ ਨੂੰ ਦਸਾਂਗਾ। ਅਜੇ ਉਸ ਦਾ ਸੈਨਿਕ ਸਮੇਲਨ ਹੋਣਾ ਹੀ ਸੀ। ਪਰ ਮੈਨੂੰ ਪਹਿਲਾਂ ਹੀ 300 ਕਿ: ਮੀ: ਦੂਰ ਸਾਡੀ ਹੀ ਇਕ ਕੰਪਨੀ ਵਿੱਚ ਬਦਲੀ ਕਰ ਦਿਤਾ ਹੈ। ਤਾਂ ਕੇ ਮੈਂ ਬੋਲ ਨਾ ਸਕਾਂ। ਭਾਅ ਜੀ ਮੇਰੀਆਂ ਇਹ ਗੱਲਾਂ ਨਵੰਬਰ ਦੇ ਸਮਤਾ ਵਿੱਚ ਜਰੂਰ ਛਾਪ ਦੇਣੀਆਂ ਤਾਂ ਕਿ ਆਮ ਜਨਤਾ ਨੂੰ ਵੀ ਫੌਜ ਬਾਰੇ ਪਤਾ ਲੱਗ ਸਕੇ। ਫਿਰ ਬੇਨਤੀ ਕਰਦਾ ਹਾਂ ਕਿ ਜ਼ਰੂਰ ਛਾਪ ਦੇਣਾ। ਤਾਂ ਸੱਚ ਦੀ ਜਿੱਤ ਹੋ ਸਕੇ।

—ਇਕ ਫੌਜੀ ਵੀਰ

## 3. ਅਨੰਦਪੁਰ ਸਾਹਿਬ ਦਾ ਮਤਾ--ਇਕ ਵਿਚਾਰ

ਪਿਛਲੇ ਕੁਝ ਸਮੇਂ ਤੋਂ ਅਕਾਲੀ ਦਲ ਨੇ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਮੋਰਚਾ ਲਾਇਆ ਹੈ ਅਤੇ ਇਸ ਮਤੇ ਬਾਰੇ ਵਾਦ ਵਿਵਾਦ ਚਲ ਰਿਹਾ ਏ। ਇੱਕ ਪਾਸੇ ਕਿਹਾ ਜਾ ਰਿਹਾ ਹੈ ਕਿ ਮਤੇ ਵਿੱਚ ਤਾਂ ਕੇਵਲ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਹੀ ਗਈ ਹੈ ਪਰੰਤੂ ਦੂਜੇ ਪਾਸੇ ਇਹ ਪ੍ਰਚਾਰ ਹੋ ਰਿਹਾ ਹੈ ਕਿ ਮਤੇ ਦਾ ਮਕਸਦ ਖਾਲਿਸਤਾਨ ਪ੍ਰਾਪਤ ਕਰਨਾ ਹੈ। ਇਸ ਤੋਂ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਮਤੇ ਨੂੰ ਪੜ੍ਹ ਕੇ ਵਿਚਾਰਨ ਦੀ ਲੋੜ ਹੈ। ਹਥਲੀਆਂ ਕੁਝ ਸਤਰਾਂ ਭੀ ਇਸ ਪਾਸੇ ਵੱਲ ਇਕ ਨਿਗੂਣਾ ਜਿਹਾ ਉਪਰਾਲਾ ਹੈ।

ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ, ਦੇਸ਼ ਵਿੱਚ, ਅਤੇ ਦੇਸ਼ ਤੋਂ ਬਾਹਰ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਵਾਹਿਦ ਇਕੋ ਇੱਕ ਪਾਰਟੀ ਹੈ। ਪ੍ਰੰਤੂ ਅਸਲ ਵਿੱਚ ਸਿੱਖ ਹੋਰ ਰਾਜਸੀ ਪਾਰਟੀਆਂ ਵਿੱਚ ਵੀ ਸ਼ਾਮਲ ਹਨ ਇਥੋਂ ਤੱਕ ਕੇ ਅੰਮ੍ਰਿਤਧਾਰੀ ਸਿੱਖ ਵੀ ਹੋਰ ਰਾਜਸੀ ਪਾਰਟੀਆਂ ਵਿੱਚ ਹਨ ਅਤੇ ਧਾਰਮਕ ਤੌਰ ਤੇ ਵੀ ਸਿੱਖ ਵੱਖ ਵੱਖ ਫਿਰਕਿਆਂ ਤੋਂ ਰਹਿਨੁਮਾਈ ਲੈਂਦੇ ਹਨ। ਇਸ ਲਈ ਅਕਾਲੀ-ਦਲ ਨੂੰ ਬਹੁਮਿਣਤੀ ਸਿੱਖ ਦਾ ਪ੍ਰਤੀਨਿਧ ਕਹਿਣਾ ਤਾਂ ਵਾਜਬ ਹੋ ਸਕਦਾ ਹੈ, ਪਰ ਇਸ ਨੂੰ ਸਿੱਖਾਂ ਦਾ ਇਕੋ ਇੱਕ ਪ੍ਰਤੀਨਿਧ ਕਹਿਣਾ ਗਲਤ ਹੈ। ਇਸ ਤੋਂ ਅੱਗੇ ਅਕਾਲੀ ਦਲ ਨੂੰ ਸਿਖਾਂ ਦੀ ਮੁੱਖ ਸਿਆਸੀ ਪ੍ਰਤੀਨਿਧ ਜਥੇਬੰਦੀ ਮੰਨ ਲੈਣ ਤੇ ਵੀ ਸਪਸ਼ਟ ਹੋ ਜਾਂਦਾ ਹੈ ਕਿ ਅਕਾਲੀ ਦਲ ਸਮੁੱਚੇ ਪੰਜਾਬੀਆਂ ਦਾ ਨੁਮਾਇੰਦਾ ਨਹੀਂ ਕਿਉਂਕਿ ਪੰਜਾਬ ਵਿੱਚ ਕਾਫ਼ੀ ਵੱਡਾ ਹਿੱਸਾ ਗੈਰ-ਸਿੱਖ ਅਬਾਦੀ ਹੈ। ਇਸ ਲਈ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਭਾਵੇਂ ਉਹ ਧਾਰਮਕ ਤੌਰ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਿਖਾਂ ਦੀ ਨੁਮਾਇੰਦਗੀ ਕਰਦਾ ਰਹੇ ਪ੍ਰੰਤੂ ਪੰਜਾਬੀਆਂ ਦੇ ਹੱਕਾਂ ਦੀ ਸਹੀ ਤਰਜਮਾਨੀ ਕਰਨ ਲਈ ਅਕਾਲੀ ਦਲ ਨੂੰ ਬਾਕੀ ਪੰਜਾਬੀਆਂ ਨੂੰ ਵੀ ਨਾਲ ਲੈ ਕੇ ਸਮੁੱਚੇ ਪੰਜਾਬੀਆਂ ਦੇ ਆਰਥਕ ਤੇ ਸਿਆਸੀ ਹੱਕਾਂ ਲਈ ਲੜਨਾ ਚਾਹੀਦਾ ਹੈ। ਮਤੇ ਵਿੱਚ ਭਾਵੇਂ ਗਿਆਰਾਂ ਸਫੇ ਤੇ ਇਹ ਗੱਲ ਕਹੀ ਵੀ ਗਈ ਹੈ (ਪੇਂਡੂ ਇਲਾਕਿਆਂ ਵਿੱਚ ਅਕਾਲੀ ਦਲ ਅਬਾਦੀ ਦੇ ਕਮਜ਼ੋਰ ਵਰਗਾਂ, ਅਨੁਸੂਚਿਤ ਜਾਤੀਆਂ, ਪਛੜੇ ਹੋਏ ਵਰਗਾਂ, ਬੇਜ਼ਮੀਨਾ ਮੁਜ਼ਾਰਿਆਂ, ਮਜ਼ਦੂਰਾਂ, ਗਰੀਬ ਕਿਸਾਨਾਂ ਤੇ ਮੱਧ-ਸ੍ਰੇਣੀ ਦੇ ਕਿਸਾਨਾਂ ਦੀ ਹਮਾਇਤ ਕਰਦਾ ਹੈ। ਇਸ ਲਈ ਇਹ ਅਜਿਹੇ ਤਰੀਕੇ ਨਾਲ ਭੂਮੀ-ਸੁਧਾਰਾਂ ਦੀ ਹਮਾਇਤ ਕਰਦਾ ਹੈ ਜਿਨ੍ਹਾਂ ਅਨੁਕਾਰ 30 ਸਟੈਂਡਰਡ ਏਕੜ ਤੋਂ ਜ਼ਿਆਦਾ ਸਾਰੀ ਭੋਂਅ ਜ਼ਿਮੀਦਾਰਾਂ ਤੋਂ ਲੈ ਕੇ ਪੇਂਡੂ ਗਰੀਬਾਂ ਵਿੱਚ ਵੰਡ ਦਿਤੀ ਜਾਵੇ।) ਪ੍ਰੰਤੂ ਮਤੇ ਦਾ ਇਹ ਪਹਿਰਾ ਸਫ਼ਾ ਛੇ ਉਤੇ ਦਿਤੇ ਅਕਾਲੀ ਦਲ ਦੇ ਮਨੋਰਥ (ਸਿੰਘਾਂ ਵਿੱਚ ਪੰਥਕ ਅਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼—ਕਾਲ ਘੜਨਾ ਜਿਸ ਵਿਚ ਸਿੱਖ ਪੰਥ ਦੇ ਕੌਮੀ ਜਜ਼ਬੇ ਅਤੇ ਕੌਮੀਅਤ ਦਾ ਪ੍ਰਗਟਾਅ ਪੂਰਨ ਤੌਰ ਤੇ ਮੂਰਤੀਮਾਨ ਤੇ ਪ੍ਰਜਵਲਤ ਹੋ ਸਕੇ। ਨਾਲ ਟਕਰਾਅ ਵਿੱਚ ਆਉਂਦਾ ਹੈ।

ਜਿਥੋਂ ਤੱਕ ਮਤੇ ਅਨੁਸਾਰ ਸਿਖਾਂ ਨੂੰ ਇਕ ਕੌਮ ਕਹਿਣ ਦਾ ਸੁਆਲ ਹੈ (ਸਫ਼ਾ ਦੋ) ਇਹ ਵੀ ਕੌਮ ਦੀ ਪ੍ਰੀਭਾਸ਼ਾ ਦੀ ਅਸਲ ਤਰਜਮਾਨੀ ਨਹੀਂ। ਇਤਹਾਸਕ

ਤੌਰ ਤੇ ਕੌਮ ਹੇਠ ਲਿਖੇ ਚਾਰ ਅਸੂਲਾਂ ਦੇ ਪੂਰੇ ਹੋਣ ਤੇ ਹੀ ਇਕ ਕੌਮ ਮੰਨੀ ਜਾ ਸਕਦੀ ਹੈ :

1. ਸਾਂਝੀ ਜ਼ਬਾਨ
2. ਸਾਂਝੀ ਭੂਗੋਲਕ ਸਥਿਤੀ
3, ਸਾਂਝੀ ਆਰਥਕਤਾ
4. ਸਾਂਝਾ ਸਭਿਆਚਾਰ

ਇਸ ਪ੍ਰੀਭਾਸ਼ਾ ਅਨੁਸਾਰ ਪੰਜਾਬ ਵਿੱਚ ਰਹਿੰਦੇ ਹੋਏ ਲੋਕਾਂ ਦੀ ਇਕ ਸਾਂਝੀ ਜ਼ਬਾਨ (ਪੰਜਾਬੀ) ਹੈ। ਇਨ੍ਹਾਂ ਦੀ ਇੱਕ ਸਾਂਝੀ ਭੂਗੋਲਕ ਸਥਿਤੀ (ਪੰਜਾਬ) ਹੈ। ਇਹਨਾਂ ਦੀ ਸਾਂਝੀ ਆਰਥਕਤਾ ਤੇ ਸਾਂਝਾ ਸਭਿਆਚਾਰ ਹੈ। ਇਸ ਲਈ ਪੰਜਾਬ ਵਿੱਚ ਸਿੱਖ ਨਹੀਂ ਸਗੋਂ ਪੰਜਾਬੀ ਲੋਕ ਇੱਕ ਕੌਮ ਬਣਦੇ ਹਨ। ਪ੍ਰੰਤੂ ਜੇ ਸਿੱਖਾਂ ਨੂੰ ਇਕ ਕੌਮ ਗਿਣਿਆ ਜਾਵੇ ਤਾਂ ਪੰਜਾਬ ਵਿੱਚ ਗੈਰ-ਸਿੱਖ ਅਬਾਦੀ ਜਿਹਦਾ ਕਿ ਸਿੱਖਾਂ ਨਾਲ ਧਰਮ ਦੇ ਮਮੂਲੀ ਵਿਖਰੇਵਿਆਂ ਨੂੰ ਛੱਡ ਕੇ ਬਾਕੀ ਸਭ ਕੁਝ ਸਾਂਝਾ ਹੈ ਜਿਵੇਂ ਕਿ ਸਾਂਝੀ ਜ਼ਬਾਨ, ਸਾਂਝੀ ਭੂਗੋਲਿਕ ਸਥਿਤੀ, ਆਰਥਕਤਾ ਤੇ ਸਾਂਝਾ ਸਭਿਆਚਾਰ ਨੂੰ ਇਕ ਕੌਮ ਨਾਲੋਂ ਜ਼ਬਰਦਸਤੀ ਤੋੜਨ ਦੀ ਗੱਲ ਹੋਵੇਗੀ। ਜਿਹੜੀ ਕਿ ਕਿਸੇ ਵੀ ਤਰੀਕੇ ਨਾਲ ਉਚਿਤ ਨਹੀਂ ਤੇ ਇਸ ਤਰ੍ਹਾਂ ਦੀ ਗੈਰ ਵਿਗਿਆਨਕ ਪਹੁੰਚ ਸਮਾਜ ਦੇ ਵੀ ਅਨੁਕੂਲ ਨਹੀਂ ਅਤੇ ਏਸੇ ਤਰ੍ਹਾਂ ਜੇਕਰ ਮਮੂਲੀ ਧਾਰਮਕ ਵਖਰੇਵਾਂ ਕਰਕੇ ਹੀ ਸਿਖਾਂ ਨੂੰ ਇਕ ਵਖਰੀ ਕੌਮ ਮੰਨ ਲੈਣਾ ਹੋਵੇ ਤਾਂ ਫੇਰ ਏਸ ਸਿਧਾਂਤ ਨਾਲ ਰਾਧਾ ਸੁਆਮੀ, ਨਿਰਮਲੇ ਸੰਤ, ਨਾਮਧਾਰੀ, ਨਿਰੰਕਾਰੀ, ਬਾਲਮੀਕੀ ਤੇ ਰਵੀਦਾਸੀ ਆਦਿ ਧਰਮਾਂ ਨੂੰ ਮੰਨਣ ਵਾਲੇ ਸਾਰੇ ਹੀ ਵੱਖ ਵੱਖ ਕੌਮਾਂ ਹੋਈਆਂ। ਜਿਹੜਾ ਕਿ ਸ਼ਾਇਦ ਅਕਾਲੀ ਦਲ ਨੂੰ ਵੀ ਸਵੀਕਾਰ ਨਾਂ ਹੋਵੇ।

ਸਫ਼ਾ ਗਿਆਰਾਂ ਉਤੇ ਇਕ ਨਿਆਂ ਉਤੇ ਅਧਾਰਤ ਸਮਾਜ ਬਨਾਉਣ ਦੀ ਗੱਲ ਕੀਤੀ ਗਈ ਹੈ ਅਤੇ ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਆਰਥਕਤਾ ਦਾ ਪ੍ਰਬੰਧ ਵਡੇ ਵਡੇ ਵਪਾਰੀਆਂ, ਸ਼ਾਹੂਕਾਰਾਂ ਅਤੇ ਅਜਾਰੇਦਾਰਾਂ ਦੀ ਸ਼ਰੇਣੀ ਦੇ ਹੱਥ ਵਿਚ ਹੈ ਤੇ ਇਹੋ ਸ਼ਰੇਣੀ ਰਾਜਨੀਤਕ ਤਾਕਤ ਦੀ ਮਾਲਕ ਹੈ ਅਤੇ ਇਸ ਸ਼ਰੇਣੀ ਦੇ ਹਥੋਂ ਸ਼ਾਂਤਮਈ ਤਰੀਕਿਆਂ ਨਾਲ ਰਾਜਨੀਤਕ ਆਰਥਕ ਪ੍ਰਬੰਧ ਖੋਹ ਕੇ ਇਕ ਨਵਾਂ ਸਮਾਜ ਬਨਾਉਣ ਦੀ ਗੱਲ ਕਹੀ ਗਈ ਹੈ। ਹੁਣ ਜੇ ਵੇਖਿਆ ਜ਼ਾਵੇ ਤਾਂ ਭਾਰਤ ਵਿਚ ਅਤੇ ਪੰਜਾਬ ਵਿਚ ਕਈ ਥਾਵਾਂ ਤੇ ਵਡੇ ਵਪਾਰੀ, ਸ਼ਾਹੂਕਾਰ ਅਤੇ ਅਜਾਰੇਦਾਰਾਂ ਦੀ ਸ਼ਰੇਣੀ ਵਿਚ ਸਿੱਖ ਵੀ ਹਨ। ਅਤੇ ਇਸੇ ਤਰ੍ਹਾਂ ਆਰਥਕ ਅਤੇ ਰਾਜਨੀਤਿਕ ਪ੍ਰਬੰਧ ਦੇ ਕਿਲ੍ਹਿਆਂ ਵਿਚ ਵੀ ਕਈ ਥਾਵਾਂ ਤੇ ਸਿੱਖ ਕਾਬਜ਼ ਹਨ। ਇਸ ਲਈ ਮਤੇ ਅਨੁਸਾਰ ਸਿਖ ਇਕ ਕੌਮ ਦੇ ਸਿਧਾਂਤ ਨੂੰ ਮੰਨਦੇ ਹੋਏ ਅਤੇ ਸ਼ਰੋਮਣੀ ਅਕਾਲੀ ਦਲ ਨੂੰ ਸਿਖ ਕੌਮ ਦੇ ਰਾਜਨੀਤਿਕ ਨੁਮਾਇੰਦੇ ਮੰਨਦੇ ਹੋਏ ਇਹਨਾਂ ਕਾਬਜ਼ ਸਿਖਾਂ ਦੇ ਖਿਲਾਫ ਲੜਨਾ ਅਸੰਭਵ ਜਾਪਦਾ ਹੈ। ਇਹ ਸਭ ਕੁਝ ਮਤੇ ਵਿਚ ਆਪਾ-ਵਿਰੋਧ ਦਾ ਪ੍ਰਗਟਾਵਾ ਕਰਦਾ ਹੈ। ਆਰਥਕ ਅਤੇ ਰਾਜਨੀਤਕ ਪ੍ਰਬੰਧ ਦੇ ਕਿਲ੍ਹਿਆਂ ਉਤੇ ਕਾਬਜ਼ ਸ਼ਰੇਣੀ ਨੂੰ ਲਾਹੁਣ ਲਈ ਕੇਵਲ ਇਕੱਲੇ ਸਿਖਾਂ ਨੂੰ ਹੀ ਇਕਠੇ ਕਰਨ ਦੀ ਹੀ ਨਹੀਂ ਸਗੋਂ ਇਸ ਸ਼ਰੇਣੀ ਦੇ ਹੱਥੋਂ ਪੀੜਤ ਸ਼ਰੇਣੀਆਂ ਨੂੰ ਪੰਜਾਬ ਵਿਚ ਅਤੇ ਸਾਰੇ ਹਿੰਦੁਸਤਾਨ ਵਿਚ ਇਕੱਠੇ ਕਰਨ ਦੀ ਲੋੜ ਹੈ।

ਸਫ਼ਾ ਅੱਠ ਦੇ ਉਤੇ ਪੰਥਕ ਰਾਜਸੀ ਨਿਸ਼ਾਨਾ ਵਿਚ 'ਖਾਲਸਾ' ਜੀ ਦੇ ਬੋਲ ਬਾਲੇ' ਪੰਥ ਦਾ ਮਕਸਦ ਦਸਿਆ ਗਿਆ ਹੈ ਅਤੇ ਇਸ ਮਕਸਦ ਦੀ ਪੂਰਤੀ ਲਈ ਲੋੜੀਂਦਾ ਦੇਸ਼ ਨਾਲ ਅਤੇ ਰਾਜਸੀ ਵਿਧਾਨ ਦੀ ਸਿਰਜਣਾ ਪ੍ਰਾਪਤੀ ਲਈ ਅਕਾਲੀ ਦਲ ਵਚਨ-ਬੱਧ ਹੈ। ਪ੍ਰੰਤੂ ਸਫ਼ਾ ਨੌਂ ਦੇ ਭਾਗ (ਅ) ਵਿਚ ਵਿਧਾਨ ਦੀ ਸਿਰਜਣਾ ਦਾ ਮਤਲਬ ਕੇਂਦਰ ਸਰਕਾਰ ਕੋਲ ਵਿਦੇਸ਼ੀ ਮਾਮਲੇ ਡਾਕ ਤਾਰ, ਰੇਲਵੇ ਤੇ ਕਰੰਸੀ ਦੇ ਮਹਿਕਮਿਆਂ ਨੂੰ ਛੱਡ ਕੇ ਬਾਕੀ ਸਾਰੇ ਮਹਿਕਮਿਆਂ ਲਈ ਰਾਜਾਂ ਦੁਆਰਾ ਆਪਣਾ ਵਿਧਾਨ ਬਨਾਉਣਾ ਕਿਹਾ ਹੈ ਅਤੇ ਇਹ ਪੰਜਾਬ ਸਮੇਤ ਬਾਕੀ ਸੂਬਿਆਂ ਲਈ ਵੀ ਮੰਗਿਆ ਗਿਆ ਹੈ। ਅਤੇ ਇਸ ਤਰ੍ਹਾਂ ਇਸ ਸਫ਼ੇ ਦੇ ਨੁਕਤਾ ਦ ਵਿਚ ਹਿੰਦੁਸਤਾਨ ਦੇ ਵਿਧਾਨ ਨੂੰ ਸਹੀ ਅਰਥਾਂ ਵਿਚ ਫੈਡਰਲ ਬਨਾਉਣ ਅਤੇ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਅਧਿਕਾਰ ਤੇ ਨੁਮਾਇੰਦਗੀ ਦੁਆਉਣ ਦੀ ਗੱਲ ਕੀਤੀ ਗਈ ਹੈ। ਇਸ ਲਈ ਸਫ਼ਾ ਨੰ: ਅੱਠ ਤੇ ਦਿਤੇ ਰਾਜਸੀ ਨਿਸ਼ਾਨੇ ਵਿਚ ਵੀ ਇਹਨਾਂ ਪਹਿਰਿਆਂ ਦੀ ਤਰ੍ਹਾਂ ਵਿਧਾਨ ਦੀ ਸਿਰਜਣਾ ਦਾ ਮਤਲਬ ਪੂਰਨ ਰੂਪ ਵਿਚ ਸਪਸ਼ਟ ਹੋਣਾ ਚਾਹੀਦਾ ਹੈ ਨਹੀਂ ਤਾਂ ਉਸ ਨਿਸ਼ਾਨੇ ਵਿਚੋਂ ਕਦੀ ਇਕ ਤੇ ਕਦੀ ਦੂਜਾ ਭੁਲੇਖਾ ਜਨਮ ਲੈਂਦਾ ਰਹੇਗਾ ਜਿਸ ਦਾ ਕਿ ਅਕਾਲੀ ਦਲ ਦੀਆਂ ਵਿਰੋਧੀ ਸ਼ਕਤੀਆਂ ਅਕਾਲੀ ਦਲ ਦੇ ਅੰਦਰੋਂ ਤੇ ਬਾਹਰੋਂ ਪ੍ਰਯੋਗ ਕਰਕੇ ਅਕਾਲੀ ਦਲ ਨੂੰ ਦਾਅ ਲਾਉਂਦੀਆਂ ਰਹਿਣਗੀਆਂ।

ਇਸ ਮਤੇ ਦੀ ਇਕ ਹੋਰ ਗੱਲ (ਸਫ਼ਾ 7 ਅੰਕ ਪਹਿਲਾ [ਅ] ਭਾਗ ਵਿਚ) ਗੁਰਮਤ ਸਿਖ-ਫਲਸਫ਼ਾ ਰਹਿਤ-ਮਰਯਾਦਾ, ਅਤੇ ਕੀਰਤਨ ਆਦਿ ਦੇ ਵਿਚਾਰ ਨੂੰ ਕਾਲਜਾਂ ਅਤੇ ਸਕੂਲਾਂ ਵਿਚ ਕਾਮਯਾਬੀ ਨਾਲ ਚਲਾਉਣ ਬਾਰੇ ਕਹੀ ਗਈ ਹੈ। ਇਹ ਵੀ ਹਿੰਦੁਸਤਾਨ ਦੀ ਧਰਮ-ਨਿਰਪੇਖਤਾ ਨੂੰ ਸਰਕਾਰੀ ਅਦਾਰਿਆਂ ਵਿਚ

ਖਤਮ ਕਰਨ ਦੇ ਤੁਲ ਹੈ ਅਤੇ ਕਾਬਜ਼ ਗਰੁਪਾਂ ਦੇ ਧਰਮਾਂ ਨੂੰ ਬਾਕੀ ਫਿਰਕਿਆਂ ਅਤੇ ਧਰਮਾਂ ਤੇ ਠੋਸਣ ਵਲ ਇਕ ਕਦਮ ਹੈ। ਜਿਹੜਾ ਕਿ ਹਿੰਦੁਸਤਾਨ ਦੇ ਹੀ ਨਹੀਂ ਸਗੋਂ ਪੰਜਾਬੀ ਕੌਮ ਦੇ ਵੀ ਨੁਕਸਾਨ ਵਿਚ ਹੈ । ਇਸੇ ਤਰ੍ਹਾਂ ਏਸੇ ਸਫ਼ੇ ਦੇ ਖਿਸੇ ਅੰਕ ਦੇ ਭਾਗ (ੲ) ਵਿਚ ਕਾਲਜਾਂ ਅਤੇ ਸਕੂਲਾਂ ਵਿਖੇ ਵੱਡੇ ਪੈਮਾਨੇ ਤੇ ਅੰਮ੍ਰਿਤ-ਪ੍ਰਚਾਰ ਦਾ ਪ੍ਰਬੰਧ ਕਰਨਾ ਅਤੇ ਇਸ ਕੰਮ ਲਈ ਪੂਰਾ ਤਾਣ ਲਾਉਣ ਦੀ ਗੱਲ ਕੀਤੀ ਗਈ ਹੈ। ਇਹ ਵੀ ਵਿਦਿਅਕ ਅਦਾਰਿਆਂ ਨੂੰ ਧਰਮ-ਨਿਰਪੇਖ ਅਦਾਰੇ ਰਹਿਣ ਦੀ ਬਜਾਏ ਧਰਮ ਦੇ ਅੱਡੇ ਬਨਾਉਣ ਵਲ ਇਕ ਕਦਮ ਹੈ ਜਿਹੜਾ ਕਿ ਵਿਗਿਆਨਿਕ ਸੂਝ ਨੂੰ ਤਾਂ ਖੁੰਡਾ ਕਰਦੀ ਹੀ ਹੈ ਅਤੇ ਇਸ ਦੇ ਨਾਲ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਵੀ ਖਤਰਾ ਪੈਦਾ ਕਰਦਾ ਹੈ। ਏਥੇ ਹੀ ਬਸ ਨਾਂ ਸਗੋਂ ਇਹ ਪੰਜਾਬੀ ਕੌਮ ਦੀ ਏਕਤਾ ਉੱਪਰ ਵੀ ਇਕ ਮਾਰੂ ਵਾਰ ਹੈ।

ਸਾਰਅੰਸ਼ ਇਹ ਹੈ ਕਿ ਸ਼ਰੋਮਣੀ ਅਕਾਲੀ ਦਲ ਨੂੰ ਸਿਖ ਇਕ ਕੌਮ ਬਾਰੇ ਅਤੇ ਪੰਥ ਦੇ ਰਾਜਸੀ ਨਿਸ਼ਾਨੇ ਬਾਰੇ ਮੁੜ ਵਿਚਾਰ ਕਰਨੀ ਚਾਹੀਦੀ ਹੈ। ਮਤੇ ਵਿਚੋਂ ਧਾਰਮਕ ਨਿਰਪੱਖਤਾ ਦੇ ਵਿਰੁਧ ਜਾਣ ਵਾਲੀਆਂ ਗੱਲਾਂ ਨੂੰ ਕਢਣਾ ਚਾਹੀਦਾ ਹੈ। ਮਤੇ ਵਿਚ ਦਿਤੀ ਗਈ ਅਕਾਲੀ ਦਲ ਦੀ ਆਰਥਕ ਪਾਲਸੀ ਅਤੇ ਪ੍ਰੋਗਰਾਮ ਦੀ ਪੂਰਤੀ ਲਈ ਪੰਜਾਬੀ ਕੌਮ ਦਾ ਏਕਾ ਹੀ ਕੰਮ ਕਰ ਸਕਦਾ ਹੈ ਨਾ ਕਿ ਅਕਾਲੀ ਦਲ ਦੇ ਅਨਯਾਈ ਸਿਖਾਂ ਦਾ ਹੀ ਇਕੱਠ। ਇਹੋ ਹੀ ਕਾਰਨ ਹੈ ਕਿ ਅਕਾਲੀ ਦਲ ਵਲੋਂ ਪਿਛੇ ਅਰੰਭੇ ਮੋਰਚੇ ਵਿਚ ਧਾਰਮਕ-ਜਨੂੰਨੀਆਂ ਨੂੰ ਸ਼ਹਿ ਮਿਲੀ ਹੈ ਅਤੇ ਸਿੱਖਾਂ ਅਤੇ ਗੈਰ-ਸਿਖਾਂ ਦੇ ਧਾਰਮਕ ਜਨੂੰਨੀਆਂ ਨੇ ਪੰਜਾਬ ਦੇ ਮਹੌਲ ਵਿਚ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਹੈ ਅਤੇ ਮਤੇ ਅਨੁਸਾਰ ਦੱਸੀ ਦੁਸ਼ਮਣ ਸ਼ਰੇਣੀ ਦੇ ਖ਼ਿਲਾਫ਼ ਅਰੰਭੀ ਹੋਈ ਲੜਾਈ ਨੂੰ ਕਮਜ਼ੋਰ ਕੀਤਾ ਹੈ। [ਇਕ ਪਾਠਕ

## 4. ਖਾਲਿਸਤਾਨ ਅਤੇ ਸਿੱਖ ਕੌਮ

ਸਮਾਂ ਬੀਤਣ ਨਾਲ ਜੇਕਰ ਅਸਲੀ ਸਚਾਈ ਦੀਆਂ ਕਦਰਾਂ, ਕੀਮਤਾਂ ਦਾ ਫਰਕ ਨਾਂ ਵੀ ਪਵੇ ਤਾਂ ਵੀ ਕੁਝ ਸ਼ਰਾਰਤੀ ਲੋਕ, ਆਪਣਾ ਉੱਲੂ ਸਿੱਧਾ ਕਰਨ ਲਈ, ਸਾਧਾਰਨ ਲੋਕਾਂ ਨੂੰ ਪੁਆਂਦੀ ਪਾਉਣ ਦੀ ਕੋਸ਼ਿਸ਼ 'ਚ ਅਸਲੀ ਸਚਾਈ ਨੂੰ ਤੋੜ-ਮਰੋੜ ਦਿੰਦੇ ਹਨ। ਤੇ ਇਹ ਹਾਲ ਹੀ ਖਾਲਿਸਤਾਨ ਅਤੇ 'ਸਿੱਖ-ਇਕ ਵੱਖਰੀ ਕੌਮ' ਦਾ ਹੋ ਰਿਹਾ ਹੈ। ਇਹਨਾਂ ਦੋਨਾਂ ਸੁਆਲਾਂ ਨੂੰ ਸੁਲਝਾਉਣ ਲਈ, ਸਾਨੂੰ ਕਾਫੀ ਬਾਰੀਕੀ 'ਚ ਜਾਣ ਦੀ ਲੋੜ ਹੈ; ਨਾਂ ਕਿ ਕੁਝ ਸ਼ੋਸ਼ਾ ਪਸੰਦ ਲੋਕਾਂ ਦੀਆਂ ਬਿਆਨਬਾਜ਼ੀਆਂ ਮਗਰ ਲੱਗ ਕੇ, ਅਸੀਂ ਗਲਤ ਕਦਮ ਲਈਏ।

ਸਭ ਤੋਂ ਪਹਿਲਾਂ ਦੇਖਣ ਵਾਲੀ ਗਲ ਇਹ ਹੈ ਕਿ "ਕੌਮ" ਸ਼ਬਦ ਦੀ ਪ੍ਰੀਭਾਸ਼ਾ ਕੀ ਹੈ ? ਤੇ ਇਹ ਵੀ ਕਿ ਇਹਦਾ ਧਰਮ ਜਾਂ ਫਿਰਕੇ ਨਾਲ ਕੀ ਸੰਬੰਧ ਹੈ ? ਸਿਆਣੇ ਅਤੇ ਨਿਰਪੱਖ ਸੱਜਣਾਂ ਮੁਤਾਬਕ—"ਜਿਥੇ ਲੋਕ ਇਕੱਠੇ, ਕਿਸੇ ਖਾਸ ਵਾਤਾਵਰਣ 'ਚ ਰਹਿਣ, ਖਾਸ ਰੀਤੀ-ਰਿਵਾਜ ਅਪਨਾਉਣ ਤੇ ਸਭਿਅਕ ਸਾਂਝਾਂ, ਸਾਂਝੀਆਂ ਹੋਣ ਆਦਿ ਨੂੰ "ਕੌਮ" ਕਿਹਾ ਜਾਂਦਾ ਹੈ।

ਜਿਥੋਂ ਤਕ "ਕੌਮ" ਦਾ ਫਿਰਕੇ ਜਾਂ ਧਰਮ ਨਾਲ ਸਬੰਧ ਹੈ, ਇਹਦੇ ਨਾਲ 'ਕੌਮ" ਸ਼ਬਦ ਦੇ ਮਤਲਬ 'ਚ ਕੋਈ ਖਾਸ ਫਰਕ ਨਹੀਂ ਪੈਂਦਾ। ਹਿੰਦੋਸਤਾਨ ਦੇ ਵਸਨੀਕ ਹਿੰਦੂ ਹਨ। ਹਿੰਦੂ ਕੋਈ ਧਰਮ ਨਹੀਂ ਹੈ। ਤੇ ਮਜ਼ੇਦਾਰ ਗਲ ਤਾਂ ਇਹ ਹੈ ਕਿ ਕੋਈ "ਹਿੰਦੂ ਧਰਮ" ਨਾਂ ਦੀ ਚੀਜ਼ ਕਦੇ ਪੈਦਾ ਹੀ ਨਹੀਂ ਹੋਈ। ਹਾਂ ਹਿੰਦੂ-ਫਿਲਾਸਫੀ ਜ਼ਰੂਰ ਹੈ ਜਿਵੇਂ ਵੇਦ, ਉਪਨਿਸ਼ਦ ਤੇ ਗੀਤਾ ਆਦਿ। ਤੇ ਬਹੁਤ ਸਾਰੇ ਲੋਕ ਇਹਨਾਂ ਕਿਤਾਬਾਂ 'ਚ ਦਿਤੀ ਫਿਲੋਸਫੀ ਨੂੰ ਧਰਮ ਕਹਿਣ ਲੱਗ ਪਏ ਤੇ ਉਹਨਾਂ ਇਹਨੂੰ ਹਿੰਦੂ-ਧਰਮ ਦਾ ਦਰਜਾ ਦੇ ਦਿਤਾ। ਜੇਕਰ ਮਹਾਤਮਾ ਬੁੱਧ, ਜੈਨ ਜਾਂ ਸਿੱਖ ਲਹਿਰ ਵੇਲੇ ਗੁਰੂਆਂ ਨੇ ਫਿਲਾਸਫੀ ਦਿਤੀ ਹੈ ਤਾਂ ਉਹ ਵੀ ਨਿਰੀ ਫਿਲੋਸਫੀ ਹੈ। ਤੇ ਜੇਹਨੇ ਬਾਦ 'ਚ ਧਰਮ ਦਾ ਰੂਪ ਅਖਤਿਆਰ ਕਰ ਲਿਆ। ਇਹ ਇਕ ਆਪਣੇ ਆਪ 'ਚ ਬਹਿਸ ਦਾ ਵੱਖਰਾ ਵਿਸ਼ਾ ਹੈ। ਮੇਰੇ ਖਿਆਲ ਅਨੁਸਾਰ—"ਜੇਕਰ ਆਪਣੇ ਇਨਸਾਨੀ ਫਰਜ਼ ਨੂੰ ਅਸੀਂ ਬਹੁਤ ਖੁਲ੍ਹੇ ਦਾਇਰੇ ਵਿਚ ਲਈਏ ਤਾਂ ਉਹ ਇਕ ਧਰਮ ਹੈ।" ਇਸ ਤੋਂ ਇਹ ਸਾਬਤ ਹੋਇਆ ਕਿ ਹਰ ਇਕ ਇਨਸਾਨ ਦਾ ਆਪਣੀ ਸੋਚਣੀ ਦਾ ਇਕ ਦਾਇਰਾ ਹੈ ਤੇ ਫਿਰ ਹਰ ਇਕ ਦਾ ਜ਼ਾਤੀ ਤੌਰ ਤੇ ਆਪਣਾ ਹੀ ਇਕ ਧਰਮ ਹੋਇਆ। ਜੇਕਰ ਬੁੱਧ, ਜੈਨ ਜਾਂ ਦਸ ਗੁਰੂਆਂ ਨੇ ਫਿਲਾਸਫੀ ਦਿਤੀ ਹੈ ਤਾਂ ਉਹ ਪਹਿਲਾਂ ਸਾਡੇ ਕੋਲ ਹਿੰਦੂ-ਫਿਲਾਸਫੀ 'ਚ ਆ ਗਈ ਗਿਰਾਵਟ ਦੇ ਸੁਧਾਰ ਦਾ ਹੀ ਇਕ ਉਪਰਾਲਾ ਸੀ। ਇਹ ਲਹਿਰਾਂ ਜਾਂ ਫਿਰਕੇ, ਬਾਦ 'ਚ ਜੁਦੇ ਧਰਮਾਂ ਦੇ ਨਾਵਾਂ ਨਾਲ ਜਾਣੇ ਜਾਣ ਲੱਗ ਪਏ। ਹਾਂ, ਤੇ ਜੇਕਰ ਇਹਨਾਂ ਨੂੰ ਧਰਮ ਵੀ ਮੰਨ ਲਿਆ ਜਾਵੇ ਤਾਂ ਫਿਰ "ਕੌਮ" ਦਾ ਵੱਖਰਾਪਨ ਕਿਵੇਂ ਹੋਇਐ ? ਕੌਮ ਕੋਈ ਘੁਮਿਆਰ ਦੀ ਮਿੱਟੀ ਨਹੀਂ, ਦਿਲ ਕੀਤਾ ਉਹਦੀ ਤੌੜੀ ਬਣਾ ਲਓ ਤੇ ਦਿਲ ਕੀਤਾ ਚੱਪਣ। "ਕੌਮ" ਬਣਨ ਨੂੰ ਕਈ ਵਰ੍ਹੇ ਲਗਦੇ ਹਨ। ਅਜ ਕਲ ਦਰਜਨਾਂ ਸਾਧਾਂ, ਬਾਬਿਆਂ ਤੇ ਸੁਆਮੀਆਂ ਆਦਿ ਦੇ ਟੋਲੇ ਤੁਰੇ ਫਿਰਦੇ ਹਨ। ਕਲ੍ਹ ਨੂੰ ਇਹਨਾਂ ਨੂੰ ਮੰਨਣ ਵਾਲੇ, ਆਪਣੇ ਆਪ ਨੂੰ "ਵੱਖਰੀ ਕੌਮ" ਦਾ ਦਰਜਾ ਦੇਣ ਲੱਗ ਪੈਣਗੇ। ਜੇਕਰ ਅਸੀਂ ਦੇਣ ਦੇ ਆਧਾਰ ਤੇ ਹੀ ਲਈਏ ਤਾਂ ਵੀ ਅਸੀਂ "ਇਕ ਕੌਮ" 'ਚ ਆਉਂਦੇ ਹਾਂ। ਭਾਵੇਂ ਦੇਸ਼ ਦੇ ਲੋਕ ਕਿੰਨੇ ਵੀ ਫਿਰਕਿਆਂ ਜਾਂ ਧਰਮਾਂ ਨੂੰ ਮੰਨਦੇ ਹੋਣ। ਜਿਵੇਂ ਹਿੰਦੋਸਤਾਨ ਦੇ ਵਾਸੀ ਹਿੰਦੋਸਤਾਨੀ, ਇੰਗਲਸਤਾਨ ਦੇ ਇੰਗਲਸਤਾਨੀ ਫਰਾਂਸ ਦੇ ਫਰਾਂਸੀਸੀ ਤੇ ਰੂਸ ਦੇ ਰੂਸੀ ਆਦਿ ! ਜੇ ਧਰਮ ਜਾਂ ਫਿਰਕਾ ਹੀ "ਕੌਮ" ਨੂੰ ਵੱਖਰੇਵਾਂ-ਪਨ ਦਿੰਦਾ ਹੋਵੇ ਤਾਂ ਪੱਛਮੀ ਦੁਨੀਆਂ ਦੇ ਮੁਲਕ "ਇਕ ਕੌਮ" ਹੋਣੇ ਚਾਹੀਦੇ ਹਨ; ਕਿਉਂਕਿ ਉਹ ਜ਼ਿਆਦਾ ਕਰਕੇ ਕਰਿਸਚਅਨਿਟੀ 'ਚ ਯਕੀਨ ਕਰਦੇ ਹਨ। ਤੇ ਇਸੇ ਤਰ੍ਹਾਂ ਹੀ ਮਿਡਲ-ਈਸਟ ਅਤੇ ਹੋਰ "ਮੁਸਲਮ ਧਰਮ" ਨੂੰ ਮੰਨਣ ਵਾਲੇ ਲੋਕ ਵੀ "ਇਕ ਕੌਮ" ਦੇ ਹੋਣੇ ਚਾਹੀਦੇ ਹਨ। ਇੰਗਲਸਤਾਨੀ, ਫਰਾਂਸੀਸੀ, ਜਰਮਨੀ, ਰੂਸੀ ਵੱਖਰੀਆਂ ਕੌਮਾਂ ਕਿਉਂ ? ਟਰਕੀ, ਕੁਵੈਤ, ਸਾਊਦੀ

ਅਰਬ, ਡੁਬਈ, ਇਰਾਕ ਤੇ ਇਰਾਨ ਜੁਦੇ ਜੁਦੇ "ਕੌਮੀਅਤ' ਵਾਲੇ ਕਿਉਂ ?

ਜਿਥੋਂ ਤਕ ਖਾਲਿਸਤਾਨ ਦਾ ਝਮੇਲਾ ਹੈ, ਇਹਦੇ 'ਚ ਵੀ ਬੜੀਆਂ ਗੁੰਝਲਾਂ ਹਨ । ਪਹਿਲਾਂ ਤਾਂ ਇਹ ਪਤਾ ਲੱਗੇ ਕਿ ਖਾਲਿਸਤਾਨ ਚਾਹੀਦਾ ਕਿਹਨਾਂ ਨੂੰ ਹੈ ? ਸਿੱਧਾ ਜਿਹਾ ਜੁਆਬ ਮਿਲਦਾ ਹੈ—"ਸਿੱਖਾਂ ਨੂੰ, ਹੋਰ ਕਿਨ੍ਹਾਂ ਨੂੰ ?" ਹੁਣ ਫਿਰ ਸੁਆਲ ਪੈਦਾ ਹੁੰਦਾ ਹੈ ਕਿ "ਕੇਹੜੇ ਸਿੱਖਾਂ ਨੂੰ ?" ਕਿਉਂਕਿ ਸਿੱਖਾਂ ਦੀਆਂ ਵੀ ਕਈ ਕਿਸਮਾਂ ਹਨ, ਜਿਵੇਂ ਖੱਤਰੀ ਸਿੱਖ, ਬ੍ਰਾਹਮਣ ਸਿੱਖ, ਸੁਨਿਆਰੇ ਸਿੱਖ, ਛੀਂਬੇ ਸਿੱਖ, ਘੁਮਿਆਰ ਸਿੱਖ, ਤ੍ਰਖਾਣ ਸਿੱਖ ਤੇ ਜੱਟ ਸਿੱਖ ਆਦਿ । ਜੇ ਖਾਲਿਸਤਾਨ ਬਣਾ ਵੀ ਦਿਤਾ ਜਾਏ ਤਾਂ ਇਹਨਾਂ ਸਿੱਖਾਂ ਦੀਆਂ ਕਿਸਮਾਂ 'ਚ ਫਿਰ ਝਗੜਾ ਹੋਵੇਗਾ ਕਿ, "ਇਹ ਖਾਲਿਸਤਾਨ ਕੇਹੜੇ ਸਿੱਖਾਂ ਦਾ ਹੈ ?" ਜੇ ਇਹ ਕਿਸਮਾਂ ਨਹੀਂ ਹਨ ਤਾਂ ਫਿਰ "ਜੱਟ ਸਿੱਖਾਂ, ਰਾਮਗੜ੍ਹੀਆ ਸਿੱਖਾਂ, ਘੁਮਿਆਰ ਸਿੱਖਾਂ, ਅਤੇ ਹਰੀਜਨ ਸਿੱਖਾਂ ਆਦਿ ਦੇ ਜੁਦੇ ਜੁਦੇ ਗੁਰਦੁਆਰੇ ਕਿਉਂ ਹਨ ? ਕੀ ਖਾਲਿਸਤਾਨ ਮੰਗਣ ਵਾਲਿਆਂ ਕਦੇ ਆਪਣੀ "ਰੋਟੀ-ਬੇਟੀ" ਦੀ ਸਾਂਝ, ਸਿੱਖਾਂ ਦੀਆਂ ਵੱਖ ਵੱਖ ਬਣੀਆਂ ਕਿਸਮਾਂ 'ਚ ਸਾਂਝੀ ਕੀਤੀ ਹੈ ? ਇਸ ਤੋਂ ਬਿਨਾਂ ਇਹ ਵੀ ਮਸਲਾ ਹੈ ਕਿ ਵਧੀਆ ਸਿੱਖ ਕੇਹੜੇ ਹਨ ? "ਜੱਟ ਸਿੱਖ" ਆਪਣੇ ਆਪ ਨੂੰ ਰਾਮਗੜ੍ਹੀਆ ਸਿੱਖਾਂ ਨਾਲੋਂ ਵਧੀਆ ਕਹਾਉਂਦੇ ਹਨ । ਰਾਮਗੜ੍ਹੀਆ ਸਿੱਖ ਆਪਣੇ ਆਪ ਨੂੰ "ਘੁਮਿਆਰ ਸਿੱਖਾਂ ਜਾਂ ਹਰੀਜਨ ਸਿੱਖਾਂ" ਨਾਲੋਂ ਵਧੀਆ ਕਹਾਉਂਦੇ ਹਨ । "ਖੱਤਰੀ ਸਿੱਖ" ਆਪਣੇ ਆਪ ਨੂੰ ਸਭ ਤੋਂ ਵਧੀਆ ਕਹਾਉਂਦੇ ਹਨ । ਜੋ "ਬ੍ਰਾਹਮਣਵਾਦ" ਦਾ ਰਲਾ ਹਿੰਦੂ ਫਿਲਾਸਫੀ 'ਚ ਆ ਵੜਿਆ ਸੀ, ਉਹ ਹੀ ਸਿੱਖ ਫਿਲਾਸਫੀ 'ਚ ਚੰਦ ਚਾੜ੍ਹ ਰਿਹੈ ।

ਹੁਣ ਅਹਿਮ ਸੁਆਲ ਇਹ ਹੈ ਕਿ 'ਸਿੱਖ ਵੱਖਰੀ ਕੌਮ" ਅਤੇ "ਖਾਲਿਸਤਾਨ" ਦਾ ਭੂਤ ਸਾਡੇ 'ਚ ਕਿਥੋਂ ਆ ਵੜ੍ਹਿਆ ਹੈ ? ਯੂਨਾਨ ਦੇ ਮਹਾਨ ਫਿਲਾਸਫਰ ਸੁਕਰਾਤ ਦਾ ਕੇਹਣਾ ਹੈ ਕਿ, "ਸਾਨੂੰ ਕਦੇ ਕੋਈ ਧੋਖਾ ਨਹੀਂ ਦਿੰਦਾ । ਅਸੀਂ ਧੋਖਾ ਖੁੱਦ ਆਪ ਖਾਂਦੇ ਹਾਂ ।" ਸਾਡਾ ਆਪਣਾ ਖੁਦਗਰਜ਼ਪੁਣਾ, ਘੁਮੰਡ-ਚੌਧਰ ਤੇ ਲਾਲਚ ਸਾਨੂੰ ਕਾਣਾ ਕਰਦਾ ਹੈ । ਇਸ ਸਾਡੀ ਕਾਣ ਦਾ ਦੁਸ਼ਮਣ ਪੂਰਾ ਪੂਰਾ ਫਾਇਦਾ ਉਠਾਉਂਦਾ ਹੈ । ਜੇਹੜੇ ਅਖੌਤੀ ਲੀਡਰ ਇਹ ਬਿਆਨ ਦਿੰਦੇ ਹਨ ਕਿ "ਸਿੱਖਾਂ ਦਾ ਗ੍ਰੰਥ ਸਭ ਲੋਕਾਂ ਨੂੰ ਇਕੋ ਨਿਗ੍ਹਾ ਨਾਲ ਦੇਖਦਾ ਹੈ । ਇਸੇ ਕਰਕੇ ਇਹਦੇ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ ਵੀ ਫਿਲਾਸਫੀ ਦਰਜ ਹੈ । ਹਿੰਦੂਆਂ ਦੀ ਗੀਤਾ ਵਿਚ ਸਿੱਖਾਂ ਦਾ ਕਿਤੇ ਜ਼ਿਕਰ ਨਹੀਂ ਹੈ ? ਕੀ ਇਹਨਾਂ ਵਰਗਲਾਊ ਅਤੇ ਅਖੌਤੀ ਲੀਡਰਾਂ ਨੇ ਕਦੇ ਇਤਹਾਸ ਦੀਆਂ ਕਿਤਾਬਾਂ ਦੇ ਵਰਕੇ ਪਲਟਣ ਦੀ ਵੀ ਕੋਸ਼ਿਸ਼ ਕੀਤੀ ਹੈ ? ਗੀਤਾ ਤਕਰੀਬਨ 5-6 ਹਜ਼ਾਰ ਸਾਲ ਪਹਿਲਾਂ ਦੀ ਲਿਖੀ ਹੋਈ ਹੈ ਤੇ "ਗ੍ਰੰਥ ਸਾਹਿਬ" ਲਿਖੇ ਨੂੰ ਅਜੇ 500 ਸਾਲ ਵੀ ਨਹੀਂ ਹੋਏ ? ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ 1699 'ਚ ਬਣਾਈ ਸੀ । 1966 'ਚ ਉਹਨਾਂ ਦਾ ਜਨਮ ਹੋਇਆ ਤੇ 1907 'ਚ ਉਹ ਜੋਤੀ ਜੋਤ ਸਮਾ ਗਏ । ਜੇ ਅਖੌਤੀ ਲੀਡਰਾਂ ਦੀ ਦਲੀਲ ਸੱਖਣੀ ਫਿਲਾਸਫੀ ਦੀ ਕਸਵੱਟੀ ਤੇ ਵੀ ਇਹ ਸਚਾਈ ਪ੍ਰਖੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿਰਫ 10 ਸਾਲ ਸਿੱਖ ਰਹੇ; ਕਿਉਂਕਿ 1666 ਤੋਂ ਲੈ ਕੇ 1699 ਤਕ ਉਹਨਾਂ ਦਾ ਨਾਮ "ਸ੍ਰੀ ਗੁਰੂ ਗੋਬਿੰਦ ਰਾਏ" ਸੀ । ਤੇ ਇਸ ਦਲੀਲ ਮੁਤਾਬਕ ਪਹਿਲੇ ਨੌਂ ਗੁਰੂ ਵੀ ਸਿੱਖ ਨਹੀ ਸਨ । ਮਤਲਬ ਕਿ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੀ ਸਾਰੀ ਉਮਰ 'ਚ ਸਿਰਫ ਚੌਥਾ ਹਿੱਸਾ ਉਮਰ ਹੀ ਸਿੱਖ ਰਹੇ ? ਉਹ ਆਪਣੀ ਉਮਰ ਦੇ ਪਹਿਲੇ 33 ਸਾਲ ਕੀ ਸਨ ? ਤੇ ਉਹਨਾਂ ਤੋਂ ਪਹਿਲੇ 9 ਗੁਰੂ ਕੀ ਸਨ ?

ਹਿੰਦੋਸਤਾਨ ਦਾ ਪੱਤਣ ਜੇਹੜੀਆਂ ਗੱਲਾਂ ਨੇ ਅੱਗੇ ਕੀਤਾ ਸੀ, ਉਹ ਹੀ ਹੁਣ ਕਰ ਰਹੀਆਂ ਹਨ । ਪੱਛਮੀ-ਮੁਲਕ ਕੁਝ ਵਕਾਊ ਲੋਕਾਂ ਨੂੰ ਪੈਸੇ ਦੇ ਕੇ ਵੱਖ ਵੱਖ ਤਰ੍ਹਾਂ ਦੇ ਸ਼ੋਸ਼ੇ ਪੈਦਾ ਕਰਦੇ ਰਹਿੰਦੇ ਹਨ । ਮਿਡਲ-ਈਸਟ ਦੇ ਧਨੀ ਸ਼ੇਖ ਅਤੇ ਕੁਝ ਹੋਰ ਮੁਸਲਮਾਨ ਮੁਲਕ ਵੀ ਉਹਨਾਂ ਏਜੰਟਾਂ ਦੀ ਖੁਲ੍ਹੇ ਦਿਲ ਨਾਲ ਮਦਦ ਕਰ ਰਹੇ ਹਨ । ਸਿਗਰਟ, ਬੀੜੀ ਤਾਂ ਸਿਰਫ਼ ਪੀਣ ਵਾਲੇ ਨੂੰ ਹੀ ਜਿਆਦਾ ਨੁਕਸਾਨ ਦਿੰਦੀ ਹੈ, ਤੇ ਬਾਕੀ ਲੋਕਾਂ ਦਾ ਘੱਟ ਨੁਕਸਾਨ ਹੁੰਦਾ ਹੈ । ਪਰ ਗੰਦੇ ਵਿਚਾਰ, ਬਦਮਾਸ਼ੀ, ਵੱਢ-ਵਢਾਂਗਾਂ ਤੇ ਹੋਰ ਲੁਚਪੁਣੇ ਦੀਆਂ ਕਰਤੂਤਾਂ ਕਿਧਰੋਂ ਪਵਿਤ੍ਰਤਾ 'ਚ ਪੈਰ ਰੱਖਦੀਆਂ ਹਨ ? ਮਤਲਬ ਕਿ ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ ! ਯਾਨੀ ਸਿਗਰਟ ਪੀਣੀ ਬੰਦ ਕਰਕੇ ਜੋ ਮਰਜ਼ੀ ਕੁਕਰਮ ਕਰੀ ਜਾਓ । ਇਹ ਸ਼ੋਸ਼ੇਬਾਜ਼ ਲੋਕ ਪਹਿਲਾਂ ਕੇਹੜੇ ਘੁਰਨਿਆਂ 'ਚ ਵੜੇ ਹੋਏ ਸਨ ? ਇਹਨਾਂ ਨੂੰ ਹੁਣ ਹੀ ਕਿਉਂ ਦੌਰੇ ਪੈ ਰਹੇ ਹਨ ? ਕਿਉਂ ਆਪਣੇ ਸੁਆਰਥ ਪਿਛੇ ਪਵਿਤਰ ਗੁਰੂਆਂ ਦੇ ਨਾਮਾਂ ਤੇ ਫਿਲਾਸਫੀ ਨੂੰ ਬਦਨਾਮ ਕਰਕੇ, ਸਾਧਾਰਨ ਲੋਕਾਂ ਦਾ ਬੇੜਾ ਗਰਕ ਕਰਨ ਦਾ ਮਨ ਬਣਾਇਆ ਹੋਇਐ ? ਇਹ ਲੋਕ, ਲੋਕਾਂ ਦੀ ਭਲਾਈ ਅਤੇ ਸਾਰੇ ਮੁਲਕ ਦੇ ਸੁੱਖ-ਆਰਾਮ ਦੇ ਦੁਸ਼ਮਣ ਹਨ ?

ਹਰਮਿੰਦਰ ਸਾਹਿਬ 'ਚ ਜ਼ਬਰਜ਼ਨਾਹ ਦਾ ਕੇਸ ਹੋ ਜਾਵੇ ਤਾਂ ਉਹਦੇ ਨਾਲ ਪਵਿਤ੍ਰਤਾ ਖਰਾਬ ਨਹੀਂ ਹੁੰਦੀ, ਕਿਉਂਕਿ ਜ਼ਬਰਜ਼ਨਾਹ ਦੀ ਸਜ਼ਾ ਦਸ ਜੁਤੀਆਂ ਮਾਰ ਦੇਣਾ ਹੈ । ਪਰ ਹਰਮਿੰਦਰ ਸਾਹਿਬ ਤੋਂ ਬਾਹਰ ਸਿਗਰਟ-ਬੀੜੀ ਵੇਚਣ ਅਤੇ ਪੀਣ ਨਾਲ ਪਵਿਤ੍ਰਤਾ ਦੀ ਕੌਡੀ ਹਿਲਣੀ ਸ਼ੁਰੂ ਹੋ ਜਾਂਦੀ ਹੈ । ਸ਼ਰਾਬ, ਜ਼ਰਦਾ, ਭੰਗ, ਡੋਡੇ, ਅਫੀਮ ਆਦਿ ਪਵਿਤ੍ਰਤਾ ਦਾ ਵਾਲ ਤਕ ਨਹੀਂ ਵਿੰਗਾ ਕਰਦੇ । ਕੀ ਇਹ ਭੇਡੀਏ ਅਤੇ ਲੇਲਾ ਵਾਲੀ ਗਲ ਨਹੀਂ ? ਕਿ ਜੇਕਰ ਤੂੰ ਗਾਲ੍ਹਾਂ ਨਹੀਂ ਕੱਢੀਆਂ ਤਾਂ ਤੇਰੇ ਪਿਉ ਨੇ ਕੱਢੀਆਂ ਹੋਣੀਐ ? ਜੇਹੜੀ ਫਿਲਾਸਫੀ ਗਰੀਬ, ਮਜ਼ਲੂਮ ਦੀ ਰਖਿਆ ਕਰਨਾ ਸਿਖਾਉਂਦੀ ਹੈ; ਉਹਦੇ ਅਖੌਤੀ ਪੈਰੋਕਾਰ, ਚੰਮ ਦੀਆਂ ਚਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ । ਕੀ ਇਹ ਉਹਨਾਂ ਗੁਰੂਆਂ ਦੀ ਬੇਇਜ਼ਤੀ ਨਹੀਂ ? ਉਹਨਾਂ ਆਪਣਾ ਸਭ ਕੁਝ ਵਾਰ ਦਿਤਾ, ਪਰ ਅਸੀਂ ਲੋਕਾਂ 'ਚ ਨਫਰਤ ਬੀਜਣ ਦਾ ਬੀੜਾ ਚੁੱਕੀ ਫਿਰਦੇ ਆਂ । ਤੇ ਨਾਮ ਉਹਨਾਂ ਗੁਰੂਆਂ ਅਤੇ ਉਹਨਾਂ ਦੀ ਫਿਲਾਸਫੀ ਦਾ ਵਰਤ ਰਹੇ ਹਾਂ । ਦੁਨੀਆਂ ਵਿਚ ਜਿੰਨ੍ਹਾਂ ਵੱਢ-ਵੱਢਾਂਗਾ "ਧਰਮ" ਦੇ ਨਾਂ ਤੇ ਹੋਇਆ ਹੈ, ਉਨ੍ਹਾਂ ਕਿਸੇ ਹੋਰ ਗਲ ਤੇ ਨਹੀਂ ਹੋਇਆ । ਤੇ ਹੁਣ ਸੋਚਣ ਵਾਲੀ ਗਲ ਇਹ ਹੈ ਕਿ ਅਸੀਂ ਤਵਾਰੀਖ ਤੋਂ ਹਜ਼ਾਰਾਂ ਸਾਲ ਬੀਤਣ ਬਾਦ ਵੀ ਕੀ ਸਿਖਿਆ ਹੈ ?

ਹਰੀਸ਼ ਮਲਹੋਤਰਾ—ਬਰਮਿੰਘਮ

# ਪੰਜਾਬ-ਅਸਾਮ ਵਾਰਤਾਲਾਪ ਪਰ ਕਦ ਤੀਕ... ... ...???

ਅਸਾਮ ਦਾ ਮਸਲਾ ਪਿਛਲੇ ਚੌਂਹ ਸਾਲਾਂ ਤੋਂ ਲਟਕਦਾ ਆ ਰਿਹਾ ਹੈ... । ਗਿਆਨੀ ਜ਼ੈਲ ਸਿੰਘ ਸਾਬਕਾ ਹੋਮ ਮਨਿਸਟਰ ਹਿੰਦੁਸਤਾਨ, ਲਗਾਤਾਰ 42 ਮਹੀਨੇ ਮਸਲਾ ਸੁਲਝਾਉਣ ਵਿਚ ਰੁਝੇ ਰਹੇ ਮਗਰ ਮਸਲਾ ਸੁਲਝਣ ਦੀ ਥਾਂ ਉਲਝਦਾ ਹੀ ਗਿਆ.. ਇਥੇ ਮੈਂ ਅਸਾਮ-ਅੰਦੋਲਨ ਦੇ ਗਲਤ ਜਾਂ ਠੀਕ ਹੋਣ ਦੀ ਬਹਿਸ ਵਿਚ ਨਹੀਂ ਜਾ ਰਿਹਾ ਪਰ ਅਸੀਂ ਤਾਂ ਇਹ ਪੁਛਣਾ ਚਾਹੁੰਦੇ ਹਾਂ ਕਿ ਆਖਿਰ ਇਹ ਸਮਸਿਆ ਕਦ ਤੀਕ ਸੁਲਘਦੀ ਰਹੇਗੀ ? ਹਾਲੇ ਤਾਂ ਸ਼ੁਕਰ ਹੈ ਕਿ ਦੇਸ ਵਿਚ ਖਾਨਦਾਨੀ, ਕੁਣਬਾਪਰਵਰ "ਪਾਏਦਾਰ" ਸਰਕਾਰ ਹੈ ਵਰਨਾ ਪਤਾ ਨਹੀਂ ਸ਼ਾਇਦ ਸਾਲਾਂ ਦੀ ਥਾਂ ਸਦੀਆਂ ਹੀ ਲੱਗ ਜਾਂਦੀਆਂ...? ਵੈਸੇ ਸੈਕਟਰੀਆਂ, ਮੰਤਰੀਆਂ, ਗਵਰਨਰਾਂ ਅਤੇ ਉਨ੍ਹਾਂ ਦੀਆ 'ਫੈਮਲੀਆਂ" ਨੂੰ ਤਾਂ ਖੂਬ ਮੌਜਾਂ ਲੱਗੀਆਂ ਹੋਈਆਂ ਹਨ । ਇਕ ਹਫ਼ਤੇ ਹਵਾਈ ਜਹਾਜ਼ ਰਾਹੀਂ ਗੁਹਾਟੀ, ਦੂਜੇ ਹਫ਼ਤੇ ਹੈਲੀ-ਕਾਪਟਰ ਰਾਹੀਂ ਸਿਲੀਗੁੜੀ...ਨਿਪਾਲ ਲਾਗੇ ਹੋਣ ਕਾਰਨ ਕਾਠਮੰਡੂ ਆਦਿ ਤੋਂ ਬਦੇਸ਼ੀ ਸਾੜੀਆਂ, ਜੈਂਪਰ ਘੜੀਆਂ, ਟੇਪਾਂ, ਸੋਨੇ ਦੀਆਂ ਜੰਜੀਰਾਂ ਤੇ ਜਪਾਨੀ ਵਿਸਕੀ ਆਪਣੀ ਜਗ੍ਹਾ !!! ਕਦੇ ਦਿੱਲੀ ਦੇ ਹੋਟਲਾਂ ਵਿਚ ਮੀਟਿੰਗਾਂ ਹੋ ਰਹੀਆਂ ਹਨ... ... । ਭਲਾ, ਅਸਾਮ ਦਾ ਮਸਲਾ ਕਦ ਹੱਲ ਹੋਵੇਗਾ ..? ਅਸਾਮ ਦਾ ਮਸਲਾ ਤਦ ਹਲ ਹੋਵੇਗਾ ਜਦ ਸਰਕਾਰ ਵਲੋਂ

(ੳ) ਹੜ੍ਹਾਂ ਦੀ ਰੋਕ ਥਾਮ ਦਾ ਭਰੋਸੇਯੋਗ ਪ੍ਰਬੰਧ ਕੀਤਾ ਜਾਵੇਗਾ—ਜੋ ਆਏ ਸਾਲ ਲੱਖਾਂ ਕਿਸਾਨਾਂ ਦੀ ਫ਼ਸਲਾਂ ਤਬਾਹ ਕਰ ਜਾਂਦੇ ਹਨ... ।

(ਅ) ਅਸਾਮ ਦੀ ਇਕ 'ਕੱਚੇ ਮਾਲ ਦੀ ਮੰਡੀ' ਵਾਂਗੂ ਲੁੱਟ-ਖਸੁੱਟ ਬੰਦ ਹੋਵੇਗੀ । ਚਾਹ ਦੇ ਬਾਗਾਂ ਦੀ ਦੌਲਤ ਟਾਟੇ ਹੋਰੀਂ ਹੜੱਪੀ ਜਾ ਰਹੇ ਹਨ (TATA-FINLAY TEA, BROOK BOND TEA COMPANY ETC.) ਅਤੇ ਰੇਸ਼ਮ, ਪਟਸਨ ਤੇ ਪਲਾਈਵੁੱਡ ਬਿਰਲੇ ਹੋਰੀਂ ! ਤੁਹਾਨੂੰ ਭਾਵੇਂ ਪੈਟਰੋਲ 6 ਰੁਪਏ ਲਿਟਰ ਮਿਲਦਾ ਹੈ ਪਰ ਅਸਾਮੀਆਂ ਨੂੰ ਰਾਏਲਿਟੀ ਵਜੋਂ 'ਦਿਲੀ ਸਰਕਾਰ' 6 ਪੈਸੇ ਹੀ ਦਿੰਦੀ ਹੈ (61 ਰੁਪਏ ਟਨ)... ਅਤੇ ਜਿਨ੍ਹਾਂ ਚਿਰ ਦਿੱਲੀ ਸਰਕਾਰ, ਬਦੇਸ਼ੀ ਅਤੇ ਦੇਸੀ ਸਰਮਾਏਦਾਰੀ ਅਸਾਮੀਆਂ ਦੀ ਲੁੱਟ ਬੰਦ ਨਹੀਂ ਹੈ ਕਰਦੀ ਅਸਾਮ ਅੰਦੋਲਨ ਕਿਸੇ ਨਾ ਕਿਸੇ ਰੂਪ ਵਿਚ ਸਲਗਦਾ ਹੀ ਰਹੇਗਾ !

(ੲ) ਦਰਿਆਵਾਂ ਤੇ ਬੰਧ ਮਾਰ ਕੇ ਵਧੇਰੇ ਬਿਜਲੀ ਪੈਦਾ ਕਰਕੇ, ਵਧੇਰੇ ਤੋਂ ਵਧੇਰੇ ਕਾਰਖਾਨੇ ਲਗਾਉਣ ਨਾਲ ਹੀ, ਅਸਾਮੀ ਨੌਜਵਾਨਾਂ ਨੂੰ ਰੁਜ਼ਗਾਰ ਮਿਲਨਗੇ ਤਾਂ ਹੀ ਉਹ ਸ਼ਾਂਤ ਹੋਣਗੇ !!

ਨੋਟ :— ਪਿਛਲੇ ਪੰਜਾਂ ਸਾਲਾਂ ਵਿਚ ਭਾਵੇਂ ਕਾਂਗਰਸੀਆਂ—ਜਨਸੰਘੀਆਂ ਤੇ ਹੋਰ ਦੇਸ਼ੀ-ਬਦੇਸ਼ੀ ਅਜਾਰੇਦਾਰੀ ਦੇ ਏਜੰਟਾਂ ਨੇ ਅਸਾਮੀ ਨੌਜਵਾਨਾਂ ਦਾ ਧਿਆਨ ਬੰਗਾਲੀਆਂ ਵਿਰੁਧ ਹੀ ਕੀਤਾ ਹੋਇਆ ਹੈ (ਉਨ੍ਹਾਂ ਦੇ ਮਨ ਵਿਚ ਇਹ ਗੱਲ ਬਠਾਈ ਜਾ ਰਹੀ ਹੈ ਕਿ ਅਸਾਮੀ ਇਸ ਕਰਕੇ ਬੇਕਾਰ ਹਨ ਕਿਉਂਕੇ ਰੇਲਵੇ, ਬੈਂਕਾਂ, ਸਕੂਲਾਂ-ਡਾਕਖਾਨਿਆਂ, ਦੁਕਾਨਾਂ, ਟੈਕਸੀਆਂ, ਹਸਪਤਾਲਾਂ-ਕਾਰਖਾਨਿਆਂ ਵਿਚ **ਬੰਗਾਲੀ**, ਮਰ੍ਹਾਠੀ ਪੰਜਾਬੀ ਤੇ ਹੋਰ ਗੈਰ ਆਸਾਮੀ ਲੱਗੇ ਹੋਏ ਹਨ) ਪਰ ਉਹ ਦਿਨ ਦੂਰ ਨਹੀਂ ਜਦ ਆਸਾਮੀ ਨੌਜਵਾਨ **ਆਪਸ ਵਿਚ ਲੜਨ ਦੀ ਬਜਾਏ** ਸਹੀ ਲੋਕ-ਦੁਸ਼ਮਣਾਂ ਨੂੰ ਪਛਾਣਦੇ ਹੋਏ (ਸਰਮਾਏਦਾਰੀ ਨਿਜ਼ਾਮ ਤੇ ਉਨ੍ਹਾਂ ਦੀ ਪ੍ਰਮੁੱਖ ਏਜੰਟ-ਮੌਜੂਦਾ ਇੰਦਰਾ ਸਰਕਾਰ) ਉਨ੍ਹਾਂ ਦਾ ਫਸਤਾ ਵੱਢਣ ਦਾ 'ਸ਼ੁਭ ਅਰੰਭ'........

... ... ...

ਕੁੱਝ ਸਵਾਲ.........ਆਓ ਹੁਣ ਉਪਰਲੀਆਂ ਸਤਰਾਂ ਦੀ ਪਿੱਠ ਭੂਮੀ ਵਿੱਚ ਕੁੱਝ ਸਵਾਲਾਂ 'ਤੇ ਵਿਚਾਰ ਕਰੀਏ :—

(1) ਕੀ ਪੰਜਾਬ ਵਿਚ ਕਿਸਾਨੀ ਦੀ ਲੁੱਟ ਨਹੀਂ ਹੈ ਹੋ ਰਹੀ .....? ਕੀ ਕੋਈ ਇਕਨਾਮਿਕਸ ਦਾ ਪ੍ਰੋਫੈਸਰ ਇਸ ਸਵਾਲ ਦਾ ਜਵਾਬ ਦੇਵੇਗਾ ਕਿ ਰਿਕਾਰਡ ਤੋੜ ਪ੍ਰੋਡਕਸ਼ਨ ਦੇ ਬਾਵਜੂਦ, **ਅਮਰੀਕਾ ਤੋਂ ਕਣਕ** ਕਿਉਂ ਖਰੀਦੀ ਜਾ ਰਹੀ ਹੈ ? ਪੰਜਾਬੀ ਜੱਟ ਨੂੰ ਡੂਢ ਸੌ ਤੇ ਅਮ੍ਰੀਕਾ ਨੂੰ ਦੋ ਸੌ ਕਿਉਂ ?? ਤੇ ਮਸਲਾ ਸਿਰਫ਼ ਕਣਕ ਦਾ ਹੀ ਨਹੀਂ, ਝੋਨੇ, ਕਪਾਹ, ਮੂੰਗਫਲੀ, ਟਮਾਟਰਾਂ ਤੇ ਹੋਰ ਅਨੇਕਾਂ ਸ਼ੈਆਂ ਦਾ ਵੀ ਹਾਲ ਇਹੋ ਹੀ ਹੈ; ਹੈ ਕਿ ਨਹੀਂ ?

(2) ਕੀ ਪੰਜਾਬ ਵਿੱਚ ਬਿੱਜਲੀ ਕੱਟ ਨਹੀਂ ਹਨ ਲੱਗ ਰਹੇ ? **ਥੀਨਡੈਮ** ਦੀਆਂ ਨੀਹਾਂ ਕਿੰਨਿਆਂ ਸਾਲਾਂ ਤੋਂ ਪੁੱਟੀਦੀਆਂ ਆ ਰਹੀਆਂ ਹਨ ? ਬਿਜਲੀ ਦੀ ਥੁੜ੍ਹੋਂ ਕਾਰਨ, ਕੀ ਕਿਸਾਨੀ ਤੇ ਕੀ ਮਜੂਰੀ ਤੇ ਕੀ (ਛੋਟੀ) ਕਾਰਖਾਨੇਦਾਰੀ—ਕੀ ਇਹ ਸਭ ਤਬਾਹੀ ਵੱਲ ਨਹੀਂ ਵਧ ਰਹੀਆਂ ???

(3) ਨੰਗਲ-ਤਲਵਾੜਾ (ਵਾਇਆ ਊਨਾ-ਅੰਬ), ਲੁਧਿਆਣਾ-ਚੰਡੀਗੜ੍ਹ (ਵਾਇਆ ਸਮਰਾਲਾ) ਬਿਆਸ-ਗੋਇੰਦਵਾਲ ਸਾਹਿਬ ਆਦਿ ਰੇਲਵੇ ਲਾਈਨਾਂ

Post Office No. P/AR—133
Registered with the Registrar, News Papers. Vide No. MA/12397-D dated 14.8.80

ਦੇ 'ਸਰਵੇ' ਖਾਤਰ ਕਦੋਂ ਓਵਰਸੀਅਰ ਭਰਤੀ ਕੀਤੇ ਜਾਣਗੇ—ਪੰਦਰਾਂ ਸਾਲ ਤਾਂ ਸਾਨੂੰ ਸੁਣਦਿਆਂ ਹੋ ਗਏ ਹਨ, ਪਹਿਲੀਆਂ ਦੋ ਬਾਬਤ !!

(4) ਅੱਜ ਲੱਖਾਂ ਟਨ ਪਰਾਲੀ ਤੇ ਤੂੜੀ, ਫੱਕ ਤੇ ਫਲਾਈਐਸ਼ (ਬਠਿੰਡੇ ਥਰਮਲ ਪਲਾਂਟ ਦੀ ਸਵਾਹ) ਵਿਅਰਥ ਜਾ ਰਹੀ ਹੈ—ਕੀ ਪੰਜਾਬ ਵਿਚ, ਗੱਤੇ ਤੇ ਪਲਾਈਵੁੱਡ, ਸੀਮੈਂਟ ਤੇ ਖਾਦ, ਟਰੈਕਟਰਾਂ ਤੇ ਹੋਰ ਖੇਤੀਬਾੜੀ ਦੇ ਸੰਦਾਂ ਦੇ **ਕਾਰਖਾਨੇ ਨਹੀਂ ਹਨ** ਲਗਾਏ ਜਾ ਸਕਦੇ ? ਕੀ ਗਿਦੜਬਾਹਾ-ਮਲੋਟ, ਫਾਜ਼ਲਿਕਾ-ਅਬੋਹਰ, ਬਠਿੰਡਾ ਤੇ ਰਾਮਪੁਰਾ ਫੂਲ ਦੀ ਕਪਾਹ ਤੇ ਨਰਮਾ ਹਮੇਸ਼ਾਂ ਅਹਿਮਦਾਬਾਦ ਵਿਖੇ ਹੀ ਗੁਜਰਾਤੀ ਸ਼ਾਹੂਕਾਰਾਂ ਦੀਆਂ ਮਿੱਲਾਂ ਚਲਾਉਂਦੇ ਰਹਿਣਗੇ ? ਡੱਬਵਾਲੀ ਤੇ ਭੁੱਚੋ, ਸੰਗਤ ਮੰਡੀ, ਤੇ ਮਾਨਸਾ ਵਿਖੇ ਕਦੋਂ ਆਪਣੇ ਵੱਡੇ ਵੱਡੇ ਕਪਾਹ ਦੇ ਢੇਰ ਸਾਰੇ ਕਾਰਖਾਨੇ ਲੱਗਣਗੇ...???

(5) ਅੱਜ ਪੰਜਾਬ ਦੇ ਰੁਜ਼ਗਾਰ ਦਫਤਰਾਂ ਵਿਚ 5 ਲੱਖ (ਸਿਰਫ **5,00,000**) ਨੌਜਵਾਨਾਂ ਦੇ ਨਾਉਂ ਦਰਜ ਹਨ...ਕੀ ਇਹ ਨਾਉ ਦਰਜ ਹੀ ਰਹਿਣਗੇ ਜਾਂ ਇਨ੍ਹਾਂ ਨੂੰ ਕਦੇ ਕੋਈ ਰੁਜ਼ਗਾਰ ਵੀ ਮਿਲੇਗਾ ?

(6) ਕੀ ਪੰਜਾਬ ਨੂੰ ਕੇਂਦਰੀ ਸਰਕਾਰ ਵਲੋਂ ਲੁੜੀਂਦੀ ਮਾਤਰਾ ਵਿਚ ਡੀਜ਼ਲ, ਕੋਲਾ, ਸਟੀਲ, ਸਰਮਾਇਆ ਤੇ ਹੋਰ ਮਿਲਵਰਤਨ ਪੂਰੀ ਮਾਤਰਾ ਵਿਚ ਪ੍ਰਾਪਤ ਹੋ ਰਿਹਾ ਹੈ ? ਕੀ ਇਨ੍ਹਾਂ ਲੌੜੀਂਦੀਆਂ ਸ਼ੈਆਂ ਤੋਂ ਬਿਨਾਂ ਵੀ (Basic Infrastructure) ਕਾਰਖਾਨੇ ਆਦਿ ਲਗਾਏ ਵੀ ਜਾ ਸਕਦੇ ਹਨ...? ਅਗਰ ਅਜਿਹੇ ਕਾਰਖਾਨੇ ਲਗਣਗੇ ਤਾਂ ਕੀ ਉਨ੍ਹਾਂ ਦਾ ਫਾਇਦਾ ਸੰਤ ਲੌਂਗੋਵਾਲ ਨੂੰ ਹੀ ਹੋਵੇਗਾ ???

ਇਹ ਹਨ ਕੁਝ ਸਵਾਲ ਜਿਨ੍ਹਾਂ ਦਾ ਹੱਲ ਲੱਭਣਾ ਸਾਡੇ ਸਭ ਦੇ ਲਈ (ਪੰਜਾਬੀ ਸਿੰਘਾਂ ਲਈ ਵੀ ਤੇ ਗੈਰ-ਸਿੰਘ ਪੰਜਾਬੀਆਂ ਲਈ ਵੀ) ਜ਼ਰੂਰੀ ਹੀ ਨਹੀਂ ਅਤਿਅੰਤ ਜ਼ਰੂਰੀ ਹੈ !!! ਅਤੇ ਇਨ੍ਹਾਂ ਚੰਦ ਸਵਾਲਾਂ ਨੂੰ ਹੀ ਜ਼ਿਹਨ ਵਿਚ ਧਾਰੀ, ਅਗਲੇ ਅੰਕ ਵਿਚ ਵਿਚਾਰਿਆ ਜਾਵੇਗਾ **ਅਨੰਦਪੁਰ ਦਾ ਮਤਾ** !!!!!!

ਨੋਟ :— ਜੋ ਵੀ ਸੱਜਣ ਉਪਰੋਕਤ ਵਿਸ਼ੇ ਉੱਪਰ 15 ਜਨਵਰੀ ਤੀਕ ਵਿਚਾਰ ਭੇਜਣਗੇ, ਬਕਾਇਦਾ ਧੰਨਵਾਦ ਸਹਿਤ, ਲੇਖ ਵਿੱਚ ਦਰਜ ਕੀਤੇ ਜਾਣਗੇ ।

o ਐਮ. ਸੀ. ਭਾਰਦਵਾਜ
157-ਏ, ਪੰਜਾਬੀ ਬਾਗ, ਪਟਿਆਲਾ

## ਪੰਜਾਬ ਲੋਕ ਸਭਿਆਚਾਰ ਮੰਚ ਵਲੋਂ ਲੋਕ ਪੱਖੀ ਗੀਤਾਂ ਦੀ ਟੇਪ ਰੀਲੀਜ਼

ਗੰਦੇ ਤੇ ਲਚਰਗੀਤ ਜੋ ਸਾਡੇ ਸਭਿਆਚਾਰ ਨੂੰ ਗੰਧਲਾ ਕਰ ਰਹੇ ਹਨ, ਉਹ ਕੇਵਲ ਸਾਡੇ ਪਰਚਾਰ ਨਾਲ ਬੰਦ ਨਹੀਂ ਹੋਣੇ, ਇਹਨਾਂ ਗੀਤਾਂ ਦੇ ਬਦਲ ਸਾਨੂੰ ਲੋਕਾਂ ਵਿਚ ਦੇਣੇ ਪੈਣਗੇ । ਪਲਸ ਮੰਚ ਵਲੋਂ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਗੀਤਾਂ ਦੀ ਇਕ ਟੇਪ ਤਿਆਰ ਕਰਵਾਕੇ ਲੋਕਾਂ ਵਿਚ ਲਿਆਂਦੀ ਗਈ ਹੈ । ਜਿਸ ਵਿਚ ਯੋਜੀਨ ਪੋਤੀਓ ਦਾ ਇੰਟਰਨੈਸ਼ਨਲ ਜਿਸਦਾ ਪੰਜਾਬੀ ਰੂਪ ਸੁਖਪਾਲ ਵਲੋਂ ਹੈ, ਪਹਿਲਾ ਗੀਤ ਹੈ । ਇਸ ਤੋਂ ਇਲਾਵਾ ਅਮੋਲਕ ਸਿੰਘ ਦਾ ਗੀਤ 'ਦਿਲੀ ਦੀਏ ਹਕੂਮਤੇ ਲੋਕਾਂ ਦੀਏ ਵੈਰਣੇ' ਵੀ ਹੈ । ਹੋਰਣਾਂ ਗੀਤਾਂ ਵਿਚ ਸੜਕ ਤੇ ਰੋੜੀ ਕੁਟ ਰਹੀਆਂ ਮਜ਼ਦੂਰਨਾਂ ਦਾ ਗੀਤ, ਲੋਕ ਬੰਬੀਹਾ, ਲੋਕ ਬੋਲੀਆਂ, ਕਿਸਾਨ ਦੀ ਕਲੀ, ਪਾਸ਼ ਦਾ 'ਕੱਖਾਂ ਦੀਆਂ ਕੁਲੀਏ' ਸੁਰਿੰਦਰ ਗਿਲ ਦਾ 'ਛਟਾ ਚਾਨਣਾਂ ਦਾ' ਤੇਰਾ ਸਿੰਘ ਚੰਨ ਦਾ 'ਜਾਗੋ ਜਾਗੋ ਨਵਿਓਂ ਗੀਤੋ' ਸ਼ਾਮਲ ਹਨ । ਪ੍ਰਮਜੀਤ, ਅਮੋਲਕ, ਜ਼ੋਰਾ ਨਸਰਾਲੀ, ਹੰਸਾ ਸਿੰਘ, ਬਲਦੇਵ ਕਿਸ਼ੋਰ, ਪਰਮਜੀਤ ਪੰਮੀ, ਸ੍ਰੀ ਮਤੀ ਸੁਮਨ ਅਤੇ ਸ੍ਰੀ ਮਤੀ ਸਾਗਰ, ਅਮਰਜੀਤ, ਕੁਲਜੀਤ (ਵੇਰਕਾ), ਅਮਰਜੀਤ ਮਨੀ ਆਦਿਕ ਸਾਥੀਆਂ ਨੇ ਇਹਨਾਂ ਗੀਤਾਂ ਨੂੰ ਆਵਾਜ਼ ਦਿੱਤੀ ਹੈ ਅਤੇ ਪ੍ਰੋ: ਅਮ੍ਰਿਤਪਾਲ ਹੋਰਾਂ ਨੇ ਇਸਦੇ ਸੰਗੀਤ ਨੂੰ ਸੁਰਬੰਦ ਕੀਤਾ ਹੈ ।

ਇਹ ਟੇਪ 16/-ਵਿਚ ਲੋਕ ਜਥੇਬੰਦੀਆਂ ਰਾਹੀਂ ਦਿੱਤੀਆਂ ਜਾਣਗੀਆਂ ।— ਗੁਰਸ਼ਰਨ ਸਿੰਘ, ਪ੍ਰਧਾਨ ਪਲਸ ਮੰਚ ।

## ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਕੁਝ ਨਵੀਆਂ ਕਿਤਾਬਾਂ

| | | | |
|---|---|---|---|
| ਮੈਨੂੰ ਹੱਸਣਾ ਭੁੱਲ ਗਿਆ ਮਾਂ | (ਕਾਵਿ ਸੰਗ੍ਰਹਿ) | ਧਰਮ ਕੰਮੇਆਣਾ | 3/- |
| ਭੱਖੜੇ ਦੇ ਫੁੱਲ | (ਕਹਾਣੀ ਸੰਗ੍ਰਹਿ) | ਸੁਖਵੰਤ ਕੌਰ ਮਾਨ | 3/- |
| ਇਹ ਹੈ ਸਾਡਾ ਹਿੰਦੁਸਤਾਨ | (ਤਿੰਨ ਲੇਖਾਂ ਦਾ ਸੰਗ੍ਰਹਿ) | ਪ੍ਰੋ. ਭਾਰਦਵਾਜ | 1/- |
| ਸ਼ਹਿਦ ਕਟੋਰੀ (ਪੰਜਾਬੀ ਰੂਪ : ਸੋਹਣ ਢੰਡ) | (ਕਵਿਤਾਵਾਂ) | ਨਾਜ਼ਮ ਹਿਕਮਤ | 3/- |

ਇਹਨਾਂ ਹੀ ਪੈਸਿਆਂ ਦੀਆਂ ਡਾਕ ਟਿਕਟਾਂ ਭੇਜਕੇ/ਮੰਗਵਾਈਆਂ ਜਾ ਸਕਦੀਆਂ ਹਨ । ਚਿੱਠੀ ਸੰਮਤਾ ਦੇ ਪਤੇ ਤੇ ਲਿਖੀ ਜਾਵੇ ।

—ਸੰਪਾਦਕ